
# ਰਾਜਾ ਭੋਜ



ਭਾਰਤ ਸਰਕਾਰ ਦੀ ਨਵ-ਵਿਦਿਆਰਥੀ — ਸਾਹਿੱਤ ਮੁਕਾਬਲੇ ਵਿਚ ਇਨਾਮ-ਪ੍ਰਾਪਤ

# ਰਾਜਾ ਭੋਜ

ਇਤਿਹਾਸ ਤੇ ਸਾਹਿੱਤ ਦੇ ਮਹੱਤਵ ਪੂਰਨ ਵਿਅਕਤੱਤਵ, ਲੋਕ-ਕਥਾਵਾਂ
ਦੇ ਨਾਇਕ, ਦਾਨੀ ਮਾਨੀ ਰਾਜਾ ਭੋਜ ਦੇ ਜੀਵਨ ਦੀ ਝਾਕੀ

ਲੇਖਕ

ਸੰਤ ਰਾਮ ਵਤਸਜ

ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ

◈ ਟੈਰੀਟੋਰੀਅਲ ਕੌਂਸਲ ਹਿਮਾਚਲ ਪ੍ਰਦੇਸ਼ ਦੀ ਸੰਨ '੬੦ ਵਿਚ ਪ੍ਰਕਾਸ਼ਤ ਸੂਚੀ ਅਨੁਸਾਰ ਪ੍ਰਾਇਮਰੀ ਸਕੂਲ-ਪੁਸਤਕਾਲਿਆਂ ਲਈ ਮਨਜ਼ੂਰ ।

◈ ਸੈਂਟਰਲ ਲਾਇਬ੍ਰੇਰੀ ਕਮੇਟੀ ਚੰਡੀਗੜ੍ਹ ਦੇ ਸਰਕੂਲਰ ਨੰ: P.R. ਲਾਇ. ੫੮/੧੩੩੫ ਤਾਰੀਖ਼ ੨੩-੧-੫੮ ਅਨੁਸਾਰ ਪੰਚਾਇਤ-ਪੁਸਤਕਾਲਿਆਂ ਲਈ ਮਨਜ਼ੂਰ ।

◈ ਵਿਕਾਸ ਕਮਿਸ਼ਨਰ ਉੱਤਰ ਪ੍ਰਦੇਸ਼ ਦੀ ਸੰਨ '੫੫ ਵਿਚ ਪ੍ਰਕਾਸ਼ਤ ਸੂਚੀ ਅਨੁਸਾਰ ਵਿਕਾਸ ਖੰਡਾਂ ਲਈ ਮਨਜ਼ੂਰ ।

◈ ਸਿਖਿਆ ਸੰਚਾਲਕ ਰਾਜਸਥਾਨ ਦੀ ੧੯੫੭-੫੮ ਵਿਚ ਪ੍ਰਕਾਸ਼ਤ ਸੂਚੀ ਅਨੁਸਾਰ ਮਾਧਮਿਕ-ਸਕੂਲਾਂ ਦੇ ਪੁਸਤਕਾਲਿਆਂ ਲਈ ਮਨਜ਼ੂਰ ।

ਪਹਿਲੀ ਵਾਰ — ੧੯੬੮
ਮੁੱਲ — 1-50

ਪ੍ਰਕਾਸ਼ਕ
ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ—੬
2/35, ਅਨਸਾਰੀ ਰੋਡ, ਦਰਿਆ ਗੰਜ, ਦਿੱਲੀ—੬

ਮੁਦ੍ਰਕ
ਕੁਕਰੇਜਾ ਪ੍ਰੈੱਸ, 319/11, ਗਾਂਧੀ ਨਗਰ, ਦਿੱਲੀ—੩੧

# ਦੋ ਸ਼ਬਦ

ਸਾਡੇ ਮਧ-ਕਾਲ ਦੇ ਇਤਿਹਾਸ ਵਿਚ ਰਾਜੇ ਭੋਜ ਦਾ ਸਥਾਨ ਬੜਾ ਹੀ ਮਹੱਤਵ-ਪੂਰਨ ਹੈ। ਰਾਜਾ ਬਿਕਰਮਾਦਿਤ ਦੇ ਮਗਰੋਂ ਭਾਰਤ ਦੇ ਲੋਕ-ਵਿਚਾਰਾਂ ਉਪਰ ਸਭ ਤੋਂ ਵਧ ਪ੍ਰਭਾਵ ਰਾਜਾ ਭੋਜ ਦਾ ਪ੍ਰਤਾਪ, ਵੀਰਤਾ, ਧਾਰਮਿਕ ਕੰਮ, ਸਖ਼ਾਵਤ, ਕਵੀਆਂ ਅਤੇ ਵਿਦਵਾਨਾਂ ਨੂੰ ਇਨਾਮ ਤੇ ਸਤਿਕਾਰ ਦੇਣਾ, ਦੰਦ-ਕਥਾ, ਲੋਕ-ਕਥਾਵਾਂ, ਹੱਥ-ਲਿਖਤਾਂ, ਸ਼ਿਲਾ ਲੇਖ ਅਤੇ ਸਾਹਿਤ — ਸਭ ਉਸ ਨੂੰ ਇਤਿਹਾਸ ਦਾ ਇਕ ਮਹੱਤਵ-ਪੂਰਨ ਵਿਅਕਤੀ ਸਿਧ ਕਰਦੇ ਹਨ।

ਭੋਜ ਲਿਖਤ ਮੰਨੇ ਜਾਂਦੇ ਗ੍ਰੰਥਾਂ ਦੀ ਗਿਣਤੀ ੩੪ ਦੇ ਲਗ ਪਗ ਦਸੀ ਗਈ ਹੈ। ਇਨ੍ਹਾਂ ਵਿਚ ਧਰਮ ਸ਼ਾਸਤਰ, ਜੋਤਿਸ਼, ਵੈਦਿਕ, ਕੋਸ਼, ਅਲੰਕਾਰ, ਯੋਗ, ਦਸਤਕਾਰੀ, ਨਾਟਕ, ਕਵਿਤਾ ਆਦਿਕ ਸਭ ਵਿਸ਼ਿਆਂ ਉਪਰ ਗ੍ਰੰਥ ਸ਼ਾਮਲ ਹਨ।

ਸੰਸਕ੍ਰਿਤ ਸਾਹਿਤ ਦੇ ਵਖ-ਵਖ ਗ੍ਰੰਥਾਂ ਦੇ ਲੇਖਕਾਂ ਨੇ ਭੋਜ ਦੇ ਗ੍ਰੰਥਾਂ ਦੇ ਪ੍ਰਮਾਣ ਆਪਣੀਆਂ ਲਿਖਤਾਂ ਵਿਚ ਦਿਤੇ ਹਨ ਅਤੇ ਕਈ ਗ੍ਰੰਥ ਤਾਂ ਭੋਜ ਦੇ ਸੰਬੰਧ ਵਿਚ ਹੀ ਲਿਖੇ ਹਨ।

ਮੈਂ ਇਤਿਹਾਸ ਅਤੇ ਸਾਹਿਤ ਦੇ ਅਜਿਹੀ ਮਹੱਤਵ ਪੂਰਨ ਸ਼ਖ਼ਸੀਅਤ ਰਵਾਇਤਾਂ ਅਤੇ ਲੋਕ-ਕਥਾਵਾਂ ਦੇ ਹੀਰੋ, ਦਾਨੀ ਰਾਜਾ ਭੋਜ ਦੇ ਜੀਵਨ ਦੀ ਝਾਕੀ ਸੌਖੀ ਅਤੇ ਸੁਆਦਲੀ ਬੋਲੀ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਕਿਉਂਕਿ ਇਹ ਪੁਸਤਿਕਾ ਘਟ ਪੜ੍ਹੇ-ਲਿਖੇ ਲੋਕਾਂ ਲਈ ਹੈ। ਇਸ ਲਈ ਇਸ ਵਿਚ ਉਨ੍ਹਾਂ ਗੱਲਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਤੋਂ ਉਨ੍ਹਾਂ ਨੂੰ ਲਾਭ ਹੋਵੇ।

ਇਸ ਨੂੰ ਲਿਖਣ ਲਈ ਮੈਂ ਰਾਜਾ ਭੋਜ, "ਭੋਜ ਪ੍ਰਬੰਧ", "ਭੋਜ ਅਤੇ ਕਾਲੀਦਾਸ", "ਸਿੰਘਾਸਣ ਬਤੀਸੀ", ਅਤੇ ਕੁਝ ਹੋਰ ਲਿਖਤਾਂ ਤੋਂ ਸਹਾਇਤਾ ਲਈ ਹੈ। ਇਸ ਲਈ ਇਸ ਦੇ ਲੇਖਕਾਂ ਦਾ ਧੰਨਵਾਦੀ ਹਾਂ।

ਇਹ ਪੁਸਤਿਕਾ ਕਾਫ਼ੀ ਮਨੋਰੰਜਨ ਦੇ ਨਾਲ-ਨਾਲ ਭੋਜ ਦੇ ਸਮੇਂ ਦੀ ਸਭਿਆਚਾਰਕ ਝਾਕੀ ਵੀ ਪੇਸ਼ ਕਰੇਗੀ ਅਤੇ ਸੂਝ-ਬੂਝ ਵਿਚ ਵਾਧਾ ਵੀ — ਇਸ ਆਸ ਨਾਲ ਇਹ ਪੁਸਤਕ ਮੈਂ ਪਾਠਕਾਂ ਸਾਹਮਣੇ ਪੇਸ਼ ਕਰਦਾ ਹਾਂ।

ਦਾਸ—
ਸੰਤ ਰਾਮ ਵਤਸਜ

ਤ ਤ ਕ ਰਾ


੧. ਰਾਜਾ ਭੋਜ ੫

੨. ਭੋਜ ਨਾਲ ਸਬੰਧਤ ਇਕ ਲੋਕ-ਕਥਾ ੩੯

੩. ਬਿਕਰਮਾਦਿਤ ਦਾ ਸਿੰਘਾਸਣ ੪੧

# ਰਾਜਾ ਭੋਜ

ਭਾਰਤ ਵਿਚ ਇਹੋ ਜਿਹੇ ਘਟ ਲੋਕ ਹਨ, ਜਿਹੜੇ ਰਾਜਾ ਭੋਜ ਦਾ ਨਾਂ ਨਹੀਂ ਜਾਣਦੇ। ਰਾਜਾ ਭੋਜ ਨੂੰ ਹੋਏ ਲਗ ਪਗ ਸਾਢੇ ਨੌਂ ਸੌ ਸਾਲ ਹੋ ਚੁਕੇ ਹਨ, ਪਰ ਉਨ੍ਹਾਂ ਦਾ ਨਾਂ ਅਜ ਵੀ ਅਮਰ ਹੈ। ਅਕਸਰ ਘਰ-ਘਰ ਉਨ੍ਹਾਂ ਦੇ ਨਾਂ ਦੀ ਚਰਚਾ ਹੁੰਦੀ ਹੈ। ਇਹ ਚਰਚਾ ਉਨ੍ਹਾਂ ਦੇ ਪ੍ਰਤਾਪੀ ਜਾਂ ਵਡੇ ਹੋਣ ਕਰ ਕੇ ਨਹੀਂ, ਸਗੋਂ ਉਨ੍ਹਾਂ ਦੇ ਆਪ ਵਿਦਵਾਨ ਅਤੇ ਕਵੀ ਹੋਣ ਅਤੇ ਵਿਦਵਾਨਾਂ ਅਤੇ ਕਵੀਆਂ ਦਾ ਖ਼ੂਬ ਆਦਰ-ਸਨਮਾਨ ਕਰਨ ਕਰ ਕੇ ਹੁੰਦੀ ਹੈ।

ਗੁਣ ਦੀ ਸੱਚੀ ਪਰਖ ਉਹੋ ਕਰ ਸਕਦਾ ਹੈ, ਜਿਹੜਾ ਆਪ ਗੁਣੀ ਹੋਵੇ। ਰਾਜਾ ਭੋਜ ਆਪ ਵਿਦਵਾਨ ਅਤੇ ਕਵੀ ਸੀ, ਇਸ ਲਈ ਉਹ ਵਿਦਵਾਨਾਂ ਅਤੇ ਕਵੀਆਂ ਦਾ ਦਿਲ ਖੋਹਲ ਕੇ ਆਦਰ ਕਰਦੇ ਅਤੇ ਬਦਲੇ ਵਿਚ ਵਿਦਵਾਨਾਂ ਅਤੇ ਕਵੀਆਂ ਨੇ ਹਮੇਸ਼ਾ ਲਈ ਉਨ੍ਹਾਂ ਦਾ ਨਾਂ ਅਮਰ ਬਣਾ ਦਿਤਾ। ਪਰ ਉਨ੍ਹਾਂ ਦੀ ਆਪਣੀ ਵਿਦਵਤਾ ਅਤੇ ਗੁਣ ਪ੍ਰਬੀਨਤਾ ਉਨ੍ਹਾਂ ਦੇ ਅਮਰ ਹੋਣ ਦਾ ਬਹੁਤ ਕਾਰਨ ਹੈ।

ਇਕ-ਇਕ ਚੰਗੀ ਕਵਿਤਾ ਉਪਰ ਲੱਖਾਂ ਰੁਪਏ ਦਾ ਇਨਾਮ ਦੇਣ ਦੀ ਗੱਲ ਉਨ੍ਹਾਂ ਦੇ ਬਾਰੇ ਅਜ ਵੀ ਮਸ਼ਹੂਰ ਹੈ। ਲੱਖਾਂ ਦੇ ਇਨਾਮ ਦੀ ਗੱਲ ਵਿਚ ਅਤਕਥਨੀ ਹੋ ਸਕਦੀ ਹੈ, ਪਰ ਇਸ ਗੱਲ ਵਿਚ ਰਤਾ ਵੀ ਅਤਕਥਨੀ ਨਹੀਂ ਕਿ ਕਵੀਆਂ ਅਤੇ ਵਿਦਵਾਨਾਂ ਦਾ ਖ਼ੂਬ ਆਦਰ ਕਰਨ ਵਾਲੇ ਰਾਜਿਆਂ ਦੀ ਸੂਚੀ ਵਿਚ ਰਾਜਾ ਭੋਜ ਦਾ ਨਾਂ ਸਭ ਤੋਂ ਉਪਰ ਲਿਖਿਆ ਜਾਂਦਾ ਹੈ।

ਭੋਜ ਮਾਲਵੇ ਦੇ ਰਾਜਾ ਸਨ ਅਤੇ ਉਨ੍ਹਾਂ ਦੀ ਰਾਜਧਾਨੀ 'ਧਾਰਾ' ਨਾਂ ਦੇ ਨਗਰ ਵਿਚ ਸੀ। ਇਹ ਪਰਮਾਰ ਨਾਂ ਦੀ ਖਤਰੀ ਕੁਲ ਵਿਚ ਪੈਦਾ ਹੋਏ। ਇਨ੍ਹਾਂ ਦੇ ਦਾਦੇ ਦਾ ਨਾਂ ਸ੍ਰੀਹਰਸ਼ ਸੀ,

ਜਿਨ੍ਹਾਂ ਦਾ ਦੂਸਰਾ ਨਾਂ ਸਿੰਘਭੱਟ ਵੀ ਸੀ । ਸ੍ਰੀਹਰਸ਼ ਦੇ ਦੋ ਪੁੱਤਰ ਸਨ, ਵਡੇ ਦਾ ਨਾਂ ਮੁੰਜ ਜਾਂ ਵਾਕਪਤੀਰਾਜ ਸੀ ਅਤੇ ਛੋਟੇ ਦਾ ਸਿੰਧੁਲ ਜਾਂ ਸਿੰਧੂਰਾਜ ਸੀ। ਸਿੰਧਲ ਦੇ ਘਰ ਭੋਜ ਦਾ ਜਨਮ ਹੋਇਆ। ਮੁੰਜ ਦਾ ਆਪਣਾ ਕੋਈ ਪੁੱਤਰ ਨਾ ਹੋਣ ਕਰ ਕੇ ਉਨ੍ਹਾਂ ਨੇ ਭਤੀਜੇ ਭੋਜ ਨੂੰ ਗੋਦ ਲੈ ਲਿਆ ਅਤੇ ਉਸੇ ਨੂੰ ਰਾਜਗੱਦੀ ਦਾ ਵਾਰਸ ਬਣਾਇਆ।

ਪਰਮਾਰ ਕੁਲ ਦੀ ਉਤਪਤੀ ਦੇ ਸਬੰਧ ਵਿਚ ਕਹਿੰਦੇ ਹਨ ਕਿ ਕਿਸੇ ਯੁਗ ਵਿਚ ਵਸ਼ਿਸ਼ਠ ਰਿਸ਼ੀ ਆਬੂ ਪਰਬਤ ਉਪਰ ਆਪਣਾ ਆਸ਼ਰਮ ਬਣਾ ਕੇ ਰਹਿੰਦੇ ਸਨ। ਵਿਸ਼ਵਾਮਿਤਰ ਅਤੇ ਵਸ਼ਿਸ਼ਠ ਵਿਚ ਦੁਸ਼ਮਣੀ ਸੀ। ਇਕ ਦਿਨ ਵਿਸ਼ਵਾਮਿਤਰ, ਵਸ਼ਿਸ਼ਠ ਦੀ ਗਊ ਖੋਹ ਕੇ ਲੈ ਚਲੇ, ਵਸ਼ਿਸ਼ਠ ਦੀ ਧਰਮਪਤਨੀ ਅਰੁਨਪਤੀ ਰੋਣ ਲਗ ਪਈ, ਤਦ ਵਸ਼ਿਸ਼ਠ ਨੂੰ ਬਹੁਤ ਗ਼ੁੱਸਾ ਆਇਆ। ਉਨ੍ਹਾਂ ਨੇ ਅਥਰਵਵੇਦ ਦਾ ਇਕ ਮੰਤਰ ਪੜ੍ਹ ਕੇ ਆਪਣੇ ਹਵਨ-ਕੁੰਡ ਵਿਚ ਆਹੂਤੀ ਪਾਈ। ਦੇਖਦਿਆਂ ਦੇਖਦਿਆਂ ਉਸ ਕੁੰਡ ਵਿਚੋਂ ਇਕ ਬਹਾਦਰ ਮਨੁੱਖ ਪੈਦਾ ਹੋਇਆ।



ਵਸ਼ਿਸ਼ਠ ਦੇ ਹੁਕਮ ਨਾਲ ਉਸ ਨੇ ਵਿਸ਼ਵਾਮਿਤਰ ਦੇ ਆਦਮੀਆਂ ਨੂੰ ਮਾਰ ਨਸਾਇਆ ਅਤੇ ਉਨ੍ਹਾਂ ਤੋਂ ਗਊ ਖੋਹ ਲਈ। ਤਦ ਵਸ਼ਿਸ਼ਠ ਨੇ ਖ਼ੁਸ਼ ਹੋ ਕੇ ਉਸ ਬਹਾਦਰ ਮਨੁੱਖ ਦਾ ਨਾਂ 'ਪਰਮਾਰ' ਰਖਿਆ, ਜਿਸ ਦਾ ਅਰਥ ਹੈ 'ਦੁਸ਼ਮਨਾਂ ਨੂੰ ਮਾਰਨ ਵਾਲਾ'। ਪਰ—ਦੁਸ਼ਮਨ, ਮਾਰ—ਮਾਰਨ ਵਾਲਾ। ਇਸੇ ਬਹਾਦਰ ਮਨੁੱਖ ਪਰਮਾਰ ਦੀ ਕੁਲ ਵਿਚ ਰਾਜਾ ਭੋਜ ਦੇ ਬਜ਼ੁਰਗ ਉਪੇਂਦਰ ਰਾਜ ਹੋਏ, ਜਿਨ੍ਹਾਂ ਨੇ ਮਾਲਵੇ ਵਿਚ ਪਰਮਾਰ ਰਾਜ ਦੀ ਨੀਂਹ ਰਖੀ।

ਪ੍ਰਸਿੱਧ ਘੁਮੱਕੜ ਅਲਬੇਰੂਨੀ ਨੇ ਭਾਰਤ-ਯਾਤਰਾ ਦਾ ਜਿਹੜਾ ਬਿਰਤਾਂਤ ਲਿਖਿਆ ਹੈ, ਉਸ ਵਿਚ ਭੋਜ ਦੀ ਕੁਲ ਦੇ ਸਬੰਧ ਵਿਚ ਇਕ ਅਦਭੁਤ ਕਥਾ ਲਿਖੀ ਹੈ। ਉਹ ਲਿਖਦਾ ਹੈ, 'ਮਾਲਵੇ ਦੀ ਰਾਜਧਾਨੀ ਧਾਰਾ ਵਿਚ, ਜਿਥੇ ਇਸ ਸਮੇਂ ਰਾਜਾ ਭੋਜ ਰਾਜ ਕਰਦਾ ਹੈ, ਰਾਜਮਹੱਲ ਦੇ ਦੁਆਰ ਉਪਰ ਚਾਂਦੀ ਦਾ ਇਕ ਲੰਮਾ ਟੁਕੜਾ ਪਿਆ ਹੋਇਆ ਹੈ, ਉਸ ਵਿਚ ਮਨੁੱਖ ਦੀ ਸ਼ਕਲ ਦਿਖਾਈ ਦੇਂਦੀ ਹੈ। ਲੋਕ ਇਸ ਦੀ ਕਹਾਣੀ ਇਸ ਤਰ੍ਹਾਂ ਦਸਦੇ ਹਨ :

ਪੁਰਾਣੇ ਜ਼ਮਾਨੇ ਵਿਚ ਇਕ ਮਨੁੱਖ ਕਿਸੇ ਖ਼ਾਸ ਕਿਸਮ ਦੀ ਰਸਾਇਣ ਲੈ ਕੇ ਉਥੋਂ ਦੇ ਰਾਜੇ ਪਾਸ ਪਹੁੰਚਾ। ਉਸ ਰਸਾਇਣ ਵਿਚ ਇਹ ਗੁਣ ਸੀ ਕਿ ਉਸ ਦੀ ਵਰਤੋਂ ਨਾਲ ਮਨੁੱਖ ਅਜਰ, ਅਮਰ, ਅਜਿੱਤਾ ਅਤੇ ਮਨ-ਚਾਹਿਆ ਕੰਮ ਕਰਨ ਵਿਚ ਸਮਰਥ ਹੋ ਸਕਦਾ ਸੀ। ਉਸ ਮਨੁੱਖ ਨੇ ਰਾਜੇ ਨੂੰ ਉਸ ਰਸਾਇਣ ਦਾ ਸਾਰਾ ਹਾਲ ਦਸ ਕੇ ਕਿਹਾ ਕਿ ਆਪ ਫਲਾਣੇ ਸਮੇਂ ਇਕੱਲਿਆਂ ਆ ਕੇ ਇਸਦਾ ਗੁਣ ਅਜ਼ਮਾ ਸਕਦੇ ਹੋ। ਰਾਜੇ ਨੇ ਉਸ ਦੀ ਗੱਲ ਮੰਨ ਲਈ ਅਤੇ ਉਸ ਮਨੁੱਖ ਦੀਆਂ ਦਸੀਆਂ ਸਾਰੀਆਂ ਚੀਜ਼ਾਂ ਇਕੱਠੀਆਂ ਕਰਨ ਲਈ ਨੌਕਰਾਂ ਨੂੰ ਹੁਕਮ ਦੇ ਦਿਤਾ।

ਇਸ ਤੋਂ ਬਾਅਦ ਕਈ ਦਿਨਾਂ ਤਕ ਉਹ ਆਦਮੀ ਕੜਾਹੀ ਵਿਚ ਤੇਲ ਗਰਮ ਕਰਦਾ ਰਿਹਾ। ਜਦੋਂ ਤੇਲ ਗਾਹੜਾ ਹੋ ਗਿਆ ਤਾਂ ਉਸ ਨੇ ਰਾਜੇ ਨੂੰ ਕਿਹਾ ਕਿ ਇਸ ਕੜਾਹੀ ਵਿਚ ਛਾਲ ਮਾਰੋ ਅਤੇ ਮੈਂ

ਬਾਕੀ ਦਾ ਕੰਮ ਸਮਾਪਤ ਕਰ ਲਵਾਂ। ਪਰ ਰਾਜਾ ਉਸ ਉਬਲਦੇ ਤੇਲ ਵਿਚ ਛਾਲ ਮਾਰਨ ਦੀ ਹਿੰਮਤ ਨਾ ਕਰ ਸਕਿਆ।

ਇਹ ਦੇਖ ਕੇ ਉਸ ਆਦਮੀ ਨੇ ਕਿਹਾ, ਜੇਕਰ ਤੁਸੀਂ ਛਾਲ ਮਾਰਨ ਤੋਂ ਡਰਦੇ ਓ ਤਾਂ ਮੈਨੂੰ ਆਗਿਆ ਦਿਓ, ਮੈਂ ਹੀ ਇਹ ਸਿੱਧੀ ਪਾ ਲਵਾਂ। ਰਾਜੇ ਨੇ ਇਹ ਗੱਲ ਮੰਨ ਲਈ। ਉਸ ਆਦਮੀ ਨੇ ਦਵਾਈਆਂ ਦੀਆਂ ਕਈ ਪੁੜੀਆਂ ਰਾਜੇ ਨੂੰ ਦੇ ਕੇ ਸਮਝਾਇਆ ਕਿ ਇਸ-ਇਸ ਪ੍ਰਕਾਰ ਦੇ ਨਿਸ਼ਾਨ ਦਿਖਾਈ ਦੇਣ ਤੇ ਇਹ-ਇਹ ਦਵਾਈ ਤੇਲ ਵਿਚ ਪਾ ਦੇਣੀ। ਇਸ ਤਰ੍ਹਾਂ ਰਾਜੇ ਨੂੰ ਸਭ ਸਮਝਾ ਉਸ ਆਦਮੀ ਨੇ ਕੜਾਹੀ ਵਿਚ ਛਾਲ ਮਾਰ ਦਿਤੀ ਅਤੇ ਗਲ ਕੇ ਗਾੜ੍ਹਾ ਜਿਹਾ ਪਦਾਰਥ ਬਣ ਗਿਆ। ਰਾਜਾ ਦਸੇ ਅਨੁਸਾਰ ਇਕ ਇਕ ਦਵਾਈ ਉਸ ਵਿਚ ਪਾਉਂਦਾ ਰਿਹਾ। ਜਦੋਂ ਇਕ ਦਵਾਈ ਬਾਕੀ ਰਹਿ ਗਈ ਤਾਂ ਰਾਜੇ ਦੇ ਦਿਲ ਵਿਚ ਵਿਚਾਰ ਪੈਦਾ ਹੋਇਆ ਕਿ ਜੇ ਸਚਮੁਚ ਇਹ ਆਦਮੀ ਜੀਵਤ ਹੋ ਕੇ ਅਜਰ-ਅਮਰ ਅਤੇ ਅਜਿੱਤ ਹੋ ਗਿਆ ਤਾਂ ਮੇਰੀ ਅਤੇ ਮੇਰੇ ਰਾਜ ਦੀ ਕੀ ਹਾਲਤ ਹੋਵੇਗੀ। ਇਹ ਵਿਚਾਰ ਆਉਣ ਤੇ ਉਸ ਨੇ ਅਖ਼ੀਰਲੀ ਦਵਾਈ ਤੇਲ ਵਿਚ ਨਾ ਪਾਈ। ਇਸ ਕਰ ਕੇ ਜਦੋਂ ਉਹ ਕੜਾਹੀ ਠੰਡੀ ਹੋ ਗਈ ਤਾਂ ਉਹ ਘੋਲ ਉਪਰ ਦਸੇ ਆਦਮੀ ਦੀ ਸ਼ਕਲ ਦੇ ਚਾਂਦੀ ਦੇ ਟੁਕੜੇ ਦੇ ਰੂਪ ਵਿਚ ਜਮ ਗਿਆ।

ਉਪੇਂਦਰ ਰਾਜ ਦੀ ਨੌਵੀਂ ਪੀੜ੍ਹੀ ਵਿਚ ਰਾਜਾ ਭੋਜ ਹੋਏ। ਰਾਜਾ ਭੋਜ ਦੇ ਰਾਜ ਦਾ ਸਮਾਂ ੧੦੧੦ ਈਸਵੀ ਦੇ ਆਸ-ਪਾਸ ਦਸਿਆ ਜਾਂਦਾ ਹੈ। ਰਾਜਾ ਭੋਜ ਤੋਂ ਬਾਅਦ ਉਨ੍ਹਾਂ ਦੀ ਕੁਲ ਵਿਚ ਅਠਾਰਾਂ ਰਾਜੇ ਹੋਰ ਹੋਏ, ਜਿਨ੍ਹਾਂ ਵਿਚੋਂ ਅਖ਼ੀਰਲੇ ਪਰਮਾਰ ਰਾਜੇ ਦਾ ਨਾਂ ਜੈ ਸਿੰਘ ਦੇਵ ਸੀ।

ਭੋਜ ਦੇ ਤਾਏ ਰਾਜਾ ਮੁੰਜ ਆਪਣੇ ਦੁਸ਼ਮਨ ਤੈਲਪ ਨਾਂ ਦੇ ਤਿਲੰਗ ਰਾਜੇ ਨਾਲ ਲੜਦੇ ਸ਼ਹੀਦ ਹੋ ਗਏ। ਉਸ ਸਮੇਂ ਯੁਵਰਾਜ ਭੋਜ ਬਹੁਤ ਛੋਟੇ ਸਨ। ਭੋਜ ਦੇ ਬਾਲਗ਼ ਹੋਣ ਤਕ ਉਨ੍ਹਾਂ ਦੇ ਪਿਤਾ ਸਿੰਧੁਲ ਮਾਲਵੇ ਦੀ ਰਾਜ ਗੱਦੀ ਤੇ ਬੈਠੇ। ਕੁਝ ਸਾਲ ਬਾਅਦ ਸਿੰਧੁਲ

ਵੀ ਗੁਜਰਾਤ ਦੇ ਸੋਲੰਕੀ ਰਾਜਾ ਚਾਮੁੰਡਰਾਜ ਨਾਲ ਲੜਦੇ ਮਾਰੇ ਗਏ। ਪਿਤਾ ਦੇ ਮਾਰੇ ਜਾਣ ਤੇ ਰਾਜਕੁਮਾਰ ਭੋਜ ਵੀਹ ਸਾਲ ਦੀ ਉਮਰ ਵਿਚ ਰਾਜਗੱਦੀ ਤੇ ਬੈਠੇ। ਇਨ੍ਹਾਂ ਦੀ ਮਿਰਤੂ ੧੦੬੫ ਈ: ਦੇ ਲਗਪਗ ਦਸੀ ਜਾਂਦੀ ਹੈ। ਇਸ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਕਰੀਬ ੪੫ ਸਾਲ ਰਾਜ ਕਰਨ ਬਾਅਦ ਲਗਪਗ ੬੫ ਸਾਲ ਦੀ ਉਮਰ ਵਿਚ ਰਾਜਾ ਭੋਜ ਇਸ ਸੰਸਾਰ ਤੋਂ ਚਲ ਬਸੇ। ਪਰ ਉਨ੍ਹਾਂ ਦਾ ਜਸ-ਰੂਪੀ ਸਰੀਰ ਅਜ ਵੀ ਸੰਸਾਰ ਵਿਚ ਮੌਜੂਦ ਹੈ। ਕਹਿੰਦੇ ਹਨ ਕਿ ਬਿਕਰਮਾਦਿਤ ਤੋਂ ਮਗਰੋਂ ਭੋਜ ਵਰਗਾ ਪ੍ਰਤਾਪੀ ਅਤੇ ਦਾਨੀ ਰਾਜਾ ਹੋਰ ਕੋਈ ਨਹੀਂ ਹੋਇਆ।

ਰਾਜਾ ਭੋਜ ਜਿੰਨੇ ਵਿਦਵਾਨ ਅਤੇ ਦਾਨੀ ਸਨ, ਉਨੇ ਹੀ ਬਹਾਦਰ ਵੀ, ਰਾਜ ਸਿੰਘਾਸਣ ਉਪਰ ਬੈਠਦਿਆਂ ਹੀ ਉਨ੍ਹਾਂ ਨੇ ਅਨੇਕਾਂ ਰਾਜਿਆਂ ਨੂੰ ਯੁੱਧ ਵਿਚ ਹਰਾਇਆ। ਉਤਰ ਵਲ ਨਰਬਦਾ ਅਤੇ ਦੱਖਣ ਵਲ ਗੁਦਾਵਰੀ ਨਦੀ ਤਕ ਇਨ੍ਹਾਂ ਦੇ ਰਾਜ ਦੀ ਹਦ ਫੈਲ ਗਈ। ਉਨ੍ਹਾਂ ਨੇ ਕੋਂਕਣ ਅਤੇ ਕਰਨਾਟਕ ਦੇ ਰਾਜਿਆਂ ਨੂੰ ਵੀ ਯੁੱਧ ਵਿਚ ਹਰਾ ਕੇ ਆਪਣਾ ਰਾਜ ਵਧਾ ਲਿਆ। ਮੁਸਲਮਾਨਾਂ ਨਾਲ ਲੜਨ ਦੀ ਗਲ ਵੀ ਪੁਸਤਕਾਂ ਵਿਚ ਲਿਖੀ ਹੈ। ਵਿਦਵਾਨਾਂ ਦਾ ਕਹਿਣਾ ਹੈ ਕਿ ਗਜ਼ਨੀ ਦੇ ਰਾਜਾ ਮਹਿਮੂਦ ਗਜ਼ਨੀ ਨਾਲ ਲੜਣ ਵੇਲੇ ਲਾਹੌਰ ਦੇ ਰਾਜਾ ਜੈਪਾਲ ਦੀ ਰਾਜਾ ਭੋਜ ਨੇ ਬੜੀ ਮਦਦ ਕੀਤੀ ਸੀ। ਮੇਵਾੜ ਵੀ ਭੋਜ ਦੇ ਅਧੀਨ ਸੀ।

ਭੋਜ ਦੇ ਪੁਰਖੇ ਉਜੈਨ ਵਿਚ ਰਾਜਧਾਨੀ ਬਣਾ ਕੇ ਮਾਲਵੇ ਉਪਰ ਰਾਜ ਕਰਦੇ ਰਹੇ, ਪਰ ਰਾਜਾ ਭੋਜ ਨੇ ਆਪਣੀ ਰਾਜਧਾਨੀ ਧਾਰਾ ਨਗਰ ਵਿਚ ਬਣਾਈ ਜਿਸ ਨੂੰ ਹੁਣ 'ਧਾਰ' ਕਹਿੰਦੇ ਹਨ। ਇਸੇ ਤੋਂ ਰਾਜਾ ਭੋਜ ਨੂੰ 'ਧਾਰੇਸ਼ਵਰ' ਅਰਥਾਤ ਧਾਰਾ ਦਾ ਮਾਲਕ ਕਹਿੰਦੇ ਹਨ। ਇਸ ਤੋਂ ਬਿਨਾਂ ਭੋਜ ਦੀਆਂ ਹੋਰ ਕਈ ਉਪਾਧੀਆਂ ਵੀ ਸਨ। ਜਿਵੇਂ – ਪਰਮ ਭੱਟਾਰਕ, ਮਹਾਰਾਜਅਧਿਰਾਜ, ਪ੍ਰਮੇਸ਼ਵਰ ਅਤੇ ਮਾਲਵ-ਚਕ੍ਰਵਰਤੀ।

ਰਾਜਾ ਭੋਜ ਨੇ ਚੇਦੀ ਦੇਸ਼ ਦੇ ਰਾਜਾ ਗਾਂਗੇਦੇਵ ਅਤੇ ਤਿਲੰਗਾਨਾ ਦੇ ਰਾਜਾ ਜੈ ਸਿੰਘ ਨੂੰ ਜਿੱਤਣ ਦੀ ਯਾਦ ਵਿਚ ਧਾਰਾ ਨਗਰ ਵਿਚ. ਲੋਹੇ ਦੀ ਇਕ ਵਡੀ ਲਾਠ ਬਣਵਾਈ ਸੀ । ਇਸ ਦੇ ਪਾਸ ਹੀ ਸਾਧੂ-ਸੰਤਾਂ ਲਈ ਇਕ ਮੱਠ ਵੀ ਬਣਵਾਇਆ ਸੀ । ਧਾਰਾ ਉਪਰ ਜਦੋਂ ਮੁਸਲਮਾਨਾਂ ਦਾ ਕਬਜ਼ਾ ਹੋ ਗਿਆ, ਤਾਂ ਦਿਲਾਵਰ ਖ਼ਾਂ ਗ਼ੌਰੀ ਨਾਂ ਦੇ ਮੁਸਲਮਾਨ ਰਾਜੇ ਨੇ ਮਠ ਨੂੰ ਮਸਜਿਦ ਬਣਾ ਦਿਤਾ, ਜਿਹੜਾ ਅਜ ਵੀ 'ਲਾਠ ਮਸਜਿਦ' ਦੇ ਨਾਂ ਨਾਲ ਮੌਜੂਦ ਹੈ । ਪਰ ਬਾਅਦ ਵਿਚ ਲੋਕਾਂ ਨੇ ਉਸ ਲੋਹੇ ਦੀ ਲਾਠ ਦੇ ਬਾਰੇ ਇਕ ਦਿਲਚਸਪ ਕਹਾਣੀ ਘੜ ਦਿਤੀ । ਕਹਾਣੀ ਇਸ ਪਰਕਾਰ ਹੈ :

ਕਿਸੇ ਸਮੇਂ ਧਾਰਾ ਨਗਰ ਵਿਚ ਗੰਗਲੀ ਨਾਂ ਦੀ ਇਕ ਤੇਲਣ ਰਹਿੰਦੀ ਸੀ । ਉਸ ਦਾ ਕਦ-ਕਾਠ ਕਿਸੇ ਰਾਖਸ਼ਣੀ ਨਾਲੋਂ ਘਟ ਨਹੀਂ ਸੀ । ਇਹ ਲਾਠ ਉਸ ਤੇਲਣ ਦੀ ਤੱਕੜੀ ਦੀ ਡੰਡੀ ਸੀ ਅਤੇ ਲਾਠ ਦੇ ਪਾਸ ਪਏ ਵਡੇ-ਵਡੇ ਪਥਰ ਉਸ ਦੇ ਤੋਲਣ ਦੇ ਵੱਟੇ ਸਨ । ਉਸ ਤੇਲਣ ਦਾ ਘਰ ਨਾਲਛਾ ਨਾਂ ਦੇ ਪਿੰਡ ਵਿਚ ਸੀ । ਜਦੋਂ ਉਹ ਤੇਲ ਵੇਚ ਕੇ ਆਪਣੇ ਘਰ ਮੁੜਦੀ ਤਾਂ ਆਪਣਾ ਘਗਰਾ ਝਾੜਦੀ । ਉਸ ਦੇ ਘਗਰੇ ਵਿਚੋਂ ਡਿਗੀ ਰੇਤ ਦਾ ਢੇਰ ਬਾਅਦ ਵਿਚ ਪਹਾੜ ਬਣ ਗਿਆ । ਅਤੇ ਉਹ ਪਹਾੜ ਬਾਅਦ ਵਿਚ 'ਤੇਲਨ-ਟੇਕਰੀ' ਦੇ ਨਾਂ ਨਾਲ ਮਸ਼ਹੂਰ ਹੋਇਆ । ਇਹ ਤੇਲਨ-ਟੇਕਰੀ ਅਜ ਵੀ ਨਾਲਛਾ ਪਿੰਡ ਵਿਚ ਹੈ ।

ਇਸ ਤੇਲਨ ਦੇ ਨਾਂ ਤੇ ਇਕ ਕਹਾਵਤ ਵੀ ਮਸ਼ਹੂਰ ਹੈ – 'ਕਿਥੇ ਰਾਜਾ ਭੋਜ ਅਤੇ ਕਿਥੇ ਗੰਗਲੀ ਤੇਲਨ' । ਅਰਥਾਤ ਗੰਗਲੀ ਡੀਲ-ਡੌਲ ਵਿਚ ਭਾਵੇਂ ਵਡੀ ਹੋ ਜਾਵੇ, ਪਰ ਉਹ ਰਾਜਾ ਭੋਜ ਦੀ ਬਰਾਬਰੀ ਨਹੀਂ ਕਰ ਸਕਦੀ ।

ਇਸ ਕਹਾਣੀ ਅਤੇ ਕਹਾਵਤ ਨੂੰ ਲੈ ਕੇ ਵਿਦਵਾਨਾਂ ਦਾ ਅਨੁਮਾਨ ਹੈ ਕਿ ਗੰਗਲੀ ਤੇਲਨ ਦੀ ਗਲ ਬਿਲਕੁਲ ਮਨ-ਘੜਤ

ਹੈ। ਪਹਿਲੇ ਇਹ ਕਹਾਵਤ ਸ਼ਾਇਦ ਇਸ ਰੂਪ ਵਿਚ ਹੁੰਦੀ ਹੋਵੇਗੀ– 'ਕਿਥੇ ਰਾਜਾ ਭੋਜ ਤੇ ਕਿਥੇ ਗਾਂਗੇਯ ਅਤੇ ਤਿਲੰਗ ਰਾਜ'। ਬਾਅਦ ਵਿਚ ਗਾਂਗੇਯ ਦਾ ਨਿਰਾਦਰ ਨਾਲ ਵਿਗੜਿਆ ਨਾਂ 'ਗੰਗਲੀ' ਬਣ ਗਿਆ ਅਤੇ ਇਸ ਤਰ੍ਹਾਂ ਤਲੰਗਾਨੇ ਜਾਂ ਤੈਲੰਗ ਤੋਂ 'ਤੈਲਨ'।

ਅਜ ਕਲ ਦਾ ਭੋਪਾਲ ਵੀ ਰਾਜਾ ਭੋਜ ਦਾ ਬਣਵਾਇਆ ਹੀ ਕਹਿੰਦੇ ਹਨ। ਭੋਜਪੁਰ ਜਾਂ ਉਸ ਦਾ ਨਾਂ ਭੋਜਪਾਲਿਤ ਹੋਵੇਗਾ, ਜਿਹੜਾ ਬਾਅਦ ਵਿਚ ਵਿਗੜ ਕੇ ਭੋਪਾਲ ਬਣ ਗਿਆ। ਭੋਪਾਲ ਦੀ ਵਿਸ਼ਾਲ ਝੀਲ ਵੀ, ਕਹਿੰਦੇ ਹਨ, ਰਾਜੇ ਭੋਜ ਨੇ ਬਣਵਾਈ ਸੀ।

ਰਾਜੇ ਭੋਜ ਨੇ ਆਪਣੀ ਰਾਜਧਾਨੀ ਧਾਰਾ ਵਿਚ ਇਕ ਬਹੁਤ ਵਡੀ ਸੰਸਕ੍ਰਿਤ ਪਾਠਸ਼ਾਲਾ ਵੀ ਬਣਵਾਈ ਸੀ। ਜਿਸ ਦਾ ਨਾਂ 'ਭੋਜਸ਼ਾਲਾ' ਸੀ। ਉਸ ਦੇ ਪਾਸ ਹੀ ਇਕ ਖੂਹ ਵੀ ਬਣਵਾਇਆ, ਜਿਸ ਨੂੰ 'ਸਰਸਵਤੀ ਖੂਹ' ਕਹਿੰਦੇ ਹਨ। ਕਹਿੰਦੇ ਹਨ ਕਿ ਜਿਹੜਾ ਇਸ ਖੂਹ ਦਾ ਪਾਣੀ ਪੀ ਲਵੇ, ਉਸ ਉਪਰ ਸਰਸਵਤੀ ਦੀ ਕਿਰਪਾ ਜ਼ਰੂਰ ਹੁੰਦੀ ਹੈ। ਅਜ ਕਲ ਇਸ ਖੂਹ ਨੂੰ 'ਅਕਲਖੂਹ' ਕਹਿੰਦੇ ਹਨ।

ਰਾਜਾ ਭੋਜ ਦੇ ਸਮੇਂ ਧਾਰਾ ਨਗਰ ਬੜਾ ਖ਼ੁਸ਼ਹਾਲ ਅਤੇ ਸੁਰੱਖਿਅਤ ਸੀ। ਨਗਰ ਦੇ ਚਾਰੇ ਪਾਸੇ ਚਾਰਦੀਵਾਰੀ ਅਤੇ ਖਾਈ ਸੀ। ਇਹ ਖਾਈ ਅਜ ਕਲ੍ਹ ਕਈ ਤਲਾਵਾਂ ਵਿਚ ਵੰਡੀ ਹੋਈ ਹੈ। ਲੋਕ ਇਸ ਨੂੰ 'ਸਾਢੇ ਬਾਰਾਂ ਤਲਾ' ਕਹਿੰਦੇ ਹਨ। ਨਗਰ ਵਿਚ ਚੁਰਾਸੀ ਚੁਰਾਹੇ ਸਨ ਅਤੇ ਚੁਰਾਸੀ ਵਡੇ-ਵਡੇ ਮੰਦਰ ਵੀ। 'ਸ਼ਾਰਦਾ-ਸਦਨ', ਨਾਂ ਦੀ ਇਕ ਵੱਡੀ ਸੰਸਥਾ ਸੀ, ਜਿਸ ਵਿਚ ਦੇਸ਼-ਬਦੇਸ਼ ਦੇ ਵੱਡੇ-ਵੱਡੇ ਵਿਦਵਾਨ ਅਤੇ ਕਵੀ ਨਿਵਾਸ ਕਰਦੇ ਸਨ। ਇਸ ਸ਼ਾਰਦਾ-ਸਦਨ ਵਿਚ ਸਰਸਵਤੀ ਦੀ ਇਕ ਵਿਸ਼ਾਲ ਅਤੇ ਸੁੰਦਰ ਮੂਰਤੀ ਵੀ ਸੀ। ਜਿਹੜੀ ਹੁਣ ਵੀ ਲੰਡਨ ਬ੍ਰਿਟਿਸ਼ ਅਜਾਇਬ ਘਰ ਵਿਚ ਪਈ ਹੈ। ਇਸ ਮੂਰਤੀ ਦੇ ਪੈਰਾਂ ਦੇ ਹੇਠਾਂ ਇਕ ਲੇਖ ਵੀ ਖੁਦਿਆ ਹੈ, ਜਿਸ ਵਿਚ ਰਾਜਾ ਭੋਜ ਰਾਹੀਂ ਉਸ ਮੂਰਤੀ ਨੂੰ ਬਨਵਾਉਣ ਦੀ ਗੱਲ ਲਿਖੀ ਹੈ।

ਰਾਜਾ ਭੋਜ ਆਪ ਸ਼ਿਵ ਭਗਤ ਸਨ, ਪਰ ਦੂਸਰੇ ਧਰਮ ਜਾਂ ਸੰਪਰਦਾਵਾਂ ਦੇ ਲੋਕਾਂ ਨੂੰ ਨਫ਼ਰਤ ਨਹੀਂ ਸਨ ਕਰਦੇ। ਉਨ੍ਹਾਂ ਦੇ ਦਰਬਾਰ ਵਿਚ ਕਈ ਜੈਨੀ ਵਿਦਵਾਨ ਵੀ ਆਦਰ ਨਾਲ ਬੈਠਦੇ ਸਨ। ਹਰ ਰੋਜ਼ ਲਗ ਪਗ ੫੦੦ ਵਿਦਵਾਨ ਉਨ੍ਹਾਂ ਦੇ ਦਰਬਾਰ ਦੀ ਸ਼ੋਭਾ ਵਧਾਉਂਦੇ ਸਨ।

* * *

ਰਾਜਾ ਭੋਜ ਨਿੱਤ-ਕਰਮ ਤੋਂ ਵਿਹਲੇ ਹੋ ਕੇ ਹਰ ਰੋਜ਼ ਨਿਯਤ ਸਮੇਂ ਤੇ ਆਪਣੇ ਦਰਬਾਰ ਵਿਚ ਆ ਜਾਂਦੇ ਅਤੇ ਦੇਸ਼-ਬਦੇਸ਼ ਤੋਂ ਆਏ ਹੋਏ ਜਾਚਕਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਦਾਨ ਦੇਂਦੇ। ਰਾਜੇ ਦੀ ਇਸ ਉਦਾਰਤਾ ਉਪਰ ਰੋਹਕ ਨਾਂ ਦੇ ਮੰਤਰੀ ਨੂੰ ਬੜੀ ਚਿੰਤਾ ਹੋਈ। ਉਸ ਨੇ ਸੋਚਿਆ – ਜੇ ਰਾਜੇ ਦਾ ਇਹੋ ਹਾਲ-ਚਾਲ ਰਿਹਾ ਤਾਂ ਖ਼ਜ਼ਾਨਾ ਬੜੀ ਜਲਦੀ ਖ਼ਾਲੀ ਹੋ ਜਾਵੇਗਾ। ਰਾਜੇ ਨੂੰ ਮੁਸੀਬਤ ਦਾ ਸਾਹਮਣਾ ਕਰਨਾ ਪਵੇਗਾ। ਜਿਥੋਂ ਤਕ ਹੋ ਸਕੇ ਰਾਜੇ ਦਾ ਹੱਥ ਰੋਕਣਾ ਚਾਹੀਦਾ ਹੈ। ਪਰ ਖੁਲ੍ਹੀ ਤਰ੍ਹਾਂ ਰਾਜੇ ਨੂੰ ਕੁਝ ਕਹਿਣਾ ਜਾਂ ਟੋਕਣ ਦੀ ਹਿੰਮਤ ਉਸ ਨੂੰ ਨਾ ਹੋਈ। ਦਰਬਾਰ ਦੇ ਦਰਵਾਜ਼ੇ ਉਪਰ ਉਸ ਨੇ ਇਹ ਵਾਕ ਲਿਖ ਦਿਤਾ – "ਮੁਸੀਬਤ ਦੇ ਸਮੇਂ ਲਈ ਧਨ ਬਚਾ ਕੇ ਰਖਣਾ ਚਾਹੀਦਾ ਹੈ।"

ਦੂਸਰੇ ਦਿਨ ਸਵੇਰੇ ਦਰਬਾਰ ਵਿਚ ਜਾਣ ਲਗਿਆਂ, ਰਾਜਾ ਭੋਜ ਦੀ ਨਜ਼ਰ ਉਸ ਵਾਕ ਉਪਰ ਪਈ। ਪੁੱਛਣ ਤੇ ਲਿਖਣ ਵਾਲੇ ਦੇ ਨਾਂ ਦਾ ਪਤਾ ਨਾ ਲਗ ਸਕਿਆ। ਤਦ ਉਨ੍ਹਾਂ ਨੇ ਉਸ ਵਾਕ ਦੇ ਹੇਠਾਂ ਦੂਸਰਾ ਵਾਕ ਲਿਖ ਦਿਤਾ :

"ਕਿਸਮਤ ਵਾਲਿਆਂ ਨੂੰ ਮੁਸੀਬਤ ਕੇਹੀ ?"

ਮੰਤਰੀ ਨੇ ਉਸ ਵਾਕ ਨੂੰ ਪੜ੍ਹਿਆ ਅਤੇ ਉਸ ਦੇ ਹੇਠਾਂ ਤੀਸਰਾ ਵਾਕ ਲਿਖ ਦਿਤਾ —

"ਕਦੀ ਕਦੀ ਕਿਸਮਤ ਵੀ ਨਾਰਾਜ਼ ਹੋ ਜਾਂਦੀ ਹੈ।"

ਰਾਜੇ ਨੇ ਉਸ ਵਾਕ ਨੂੰ ਵੀ ਪੜ੍ਹਿਆ ਅਤੇ ਉਸ ਹੇਠਾਂ ਇਕ ਹੋਰ

ਵਾਕ ਲਿਖ ਦਿਤਾ, "ਕਿਸਮਤ ਦੇ ਨਾਰਾਜ਼ ਹੋਣ ਤੇ ਤਾਂ ਜਮ੍ਹਾ ਹੋਇਆ ਧਨ ਵੀ ਨਸ਼ਟ ਹੋ ਜਾਂਦਾ ਹੈ।"

ਅੰਤ ਵਿਚ ਮੰਤਰੀ ਨੂੰ ਮੁਆਫ਼ੀ ਮੰਗਣੀ ਪਈ। ਇਸ ਘਟਨਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ, ਕਿ ਰਾਜਾ ਭੋਜ ਕਿੰਨੇ ਦਾਨੀ ਸਨ।

* * *

ਰਾਜਾ ਭੋਜ ਦੇ ਬੱਚਪਨ ਬਾਰੇ ਇਕ ਹੋਰ ਕਹਾਣੀ ਬਹੁਤ ਮਸ਼ਹੂਰ ਹੈ। ਉਸ ਕਹਾਣੀ ਵਿਚ ਭੋਜ ਦੇ ਪਿਤਾ ਸ਼ਿੰਧੁਲ ਨੂੰ ਮੁੰਜ ਦਾ ਵੱਡਾ ਭਰਾ ਹੋਣਾ ਦਸਿਆ ਗਿਆ ਹੈ। ਕਹਾਣੀ ਇਸ ਤਰ੍ਹਾਂ ਹੈ :

ਰਾਜਾ ਸ਼ਿੰਧੁਲ ਦੀ ਮਿਰਤੂ ਦੇ ਸਮੇਂ ਭੋਜ ਦੀ ਉਮਰ ਸਿਰਫ਼ ਪੰਜ ਸਾਲ ਸੀ। ਸ਼ਿੰਧੁਲ ਨੇ ਆਪਣੇ ਛੋਟੇ ਭਰਾ ਮੁੰਜ ਨੂੰ ਰਾਜਗੱਦੀ ਦੇ ਕੇ ਭੋਜ ਨੂੰ ਉਸ ਦਾ ਮੁਤਬੰਨਾ ਬਣਾ ਦਿਤਾ। ਕੁਝ ਦਿਨਾਂ ਬਾਅਦ ਇਕ ਜੋਤਸ਼ੀ ਰਾਜ-ਦਰਬਾਰ ਵਿਚ ਆਇਆ। ਮੁੰਜ ਨੇ ਭੋਜ ਦੀ ਜਨਮ-ਪਤਰੀ ਉਸ ਨੂੰ ਦੇਖਣ ਲਈ ਦਿਤੀ। ਜਨਮ-ਪਤਰੀ ਦੇਖ ਕੇ ਜੋਤਸ਼ੀ ਨੇ ਦਸਿਆ – "ਭੋਜ ਦੀ ਕਿਸਮਤ ਦਾ ਵਰਨਣ ਤਾਂ ਬ੍ਰਹਮਾ ਜੀ ਵੀ ਨਹੀਂ ਕਰ ਸਕਦੇ, ਮੈਂ ਭਲਾ ਕੀ ਚੀਜ਼ ਹਾਂ। ਪਰ ਇੰਨਾਂ ਜ਼ਰੂਰ ਦਸ ਸਕਦਾ ਹਾਂ ਕਿ ਭੋਜ ਪਚਵੰਜਾ ਸਾਲ, ਸਤ ਮਹੀਨੇ ਅਤੇ ਤਿੰਨ ਦਿਨ ਵਿਚ ਬੰਗਾਲ ਸਮੇਤ ਸਾਰੇ ਦੱਖਣ ਦੇਸ਼ ਉਪਰ ਰਾਜ ਕਰਨਗੇ।"

ਕਹਿੰਦੇ ਹਨ ਕਿ ਇਸ ਭਵਿਸ਼ਬਾਣੀ ਨੂੰ ਸੁਣਦਿਆਂ ਹੀ ਰਾਜੇ ਮੁੰਜ ਦਾ ਮੂੰਹ ਉਤਰ ਗਿਆ। ਹੁਣ ਭੋਜ ਉਸ ਨੂੰ ਭਿਆਨਕ ਮੁਖ਼ਾਲਿਫ਼ ਦਾ ਰੂਪ ਦਿਸਿਆ। ਉਸ ਨੂੰ ਸਾਰੀ ਰਾਤ ਨੀਂਦ ਨਾ ਆਈ। ਦੂਸਰੇ ਦਿਨ ਸਵੇਰੇ ਹੀ ਉਸ ਨੇ ਆਪਣੇ ਵਜ਼ੀਰ ਵਤਸਰਾਜ ਨੂੰ ਬੁਲਾ ਕੇ ਹੁਕਮ ਦਿਤਾ–"ਪਾਠਸ਼ਾਲਾ ਵਿਚੋਂ ਭੋਜ ਨੂੰ ਭੁਵਨੇਸ਼ਵਰੀ ਦੇਵੀ ਦੇ ਜੰਗਲ ਵਿਚ ਲੈ ਜਾਓ, ਉਸ ਦਾ ਸਿਰ ਕਟ ਕੇ ਮੇਰੇ ਪਾਸ ਲਿਆਓ।"

ਵਤਸਰਾਜ ਨੇ ਪਹਿਲਾਂ ਤਾਂ ਰਾਜੇ ਨੂੰ ਸਮਝਾ ਕੇ ਇਸ ਕੰਮ

ਤੋਂ ਰੋਕਣਾ ਚਾਹਿਆ। ਪਰ ਮੁੰਜ ਸਮਝਣ ਦੀ ਜਗ੍ਹਾ ਉਸ ਨਾਲ ਵੀ ਨਰਾਜ਼ ਹੋਇਆ। ਹੁਣ ਰਾਜੇ ਦਾ ਹੁਕਮ ਮੰਨਣ ਤੋਂ ਬਿਨਾ ਹੋਰ ਕੋਈ ਚਾਰਾ ਨਾ ਰਿਹਾ। ਉਹ ਪਾਠਸ਼ਾਲਾ ਗਿਆ ਅਤੇ ਉਥੋਂ ਭੋਜ ਨੂੰ ਭੁਵਨੇਸ਼ਵਰੀ ਦੇ ਜੰਗਲ ਵਿਚ ਲੈ ਜਾ ਕੇ ਰਾਜੇ ਦਾ ਹੁਕਮ ਸੁਣਾਇਆ।

ਭੋਜ ਨੇ ਬੜੀ ਧੀਰਜ ਨਾਲ ਇਹ ਗੱਲ ਸੁਣੀ। ਫਿਰ ਵਤਸ-ਰਾਜ ਨੂੰ ਕਿਹਾ—"ਤੁਸੀਂ ਨਿਡਰ ਹੋ ਕੇ ਆਪਣੇ ਰਾਜੇ ਦੀ ਆਗਿਆ ਦਾ ਪਾਲਣ ਕਰੋ, ਮੈਂ ਇਕ ਚਿੱਠੀ ਤੁਹਾਨੂੰ ਦੇਂਦਾ ਹਾਂ, ਤੁਸੀਂ ਮੇਰੇ ਚਾਚੇ ਰਾਜੇ ਮੁੰਜ ਨੂੰ ਜ਼ਰੂਰ ਦੇ ਦੇਣੀ।"

ਵਤਸਰਾਜ ਨੇ ਮੰਨ ਲਿਆ। ਭੋਜ ਨੇ ਪਿਪਲ ਦਾ ਇਕ ਪੱਤਾ ਲੈ ਕੇ ਉਸ ਦਾ ਡੋਨਾ ਬਣਾਇਆ। ਫੇਰ ਛੁਰੀ ਨਾਲ ਆਪਣਾ ਪਟ ਚੀਰ ਕੇ ਉਸ ਦਾ ਲਹੂ ਡੋਨੇ ਵਿਚ ਪਾ ਲਿਆ। ਤੀਲੇ ਦੀ ਕਲਮ ਨਾਲ ਦੂਸਰੇ ਪੱਤੇ ਉਪਰ ਇਕ ਸਲੋਕ ਲਿਖ ਕੇ ਵਤਸਰਾਜ ਨੂੰ ਦੇ ਕੇ ਉਹ ਮਰਨ ਲਈ ਤਿਆਰ ਹੋ ਗਿਆ। ਪਰ ਵਤਸਰਾਜ ਦਾ



ਦਿਲ ਕੰਬ ਉਠਿਆ। ਉਸ ਨੇ ਰਾਜਕੁਮਾਰ ਪਾਸੋਂ ਹੱਥ ਜੋੜ ਕੇ ਮੁਆਫ਼ੀ ਮੰਗੀ। ਉਸ ਨੂੰ ਰੱਥ ਤੇ ਬਿਠਾ ਕੇ ਆਪਣੇ ਘਰ ਲੈ ਗਿਆ ਤੇ ਲੁਕਾ ਦਿਤਾ। ਇਕ ਸਿਆਣੇ ਬੁਤਘਾੜੇ ਪਾਸੋਂ, ਉਸ ਨੇ ਭੋਜ ਦੇ ਕਟੇ ਹੋਏ ਸਿਰ ਦੀ ਮੂਰਤੀ ਬਣਵਾਈ। ਰਾਤ ਦੇ ਹਨੇਰੇ ਵਿਚ ਉਸ ਨੇ ਉਸ ਬਣਾਉਟੀ ਸਿਰ ਨੂੰ ਮੁੰਜ ਦੇ ਸਾਹਮਣੇ ਰੱਖ ਦਿਤਾ।

ਮੁੰਜ ਨੇ ਇਕ ਵਾਰ ਉਸ ਸਿਰ ਵਲ ਦੇਖਿਆ ਤੇ ਵਤਸਰਾਜ ਨੂੰ ਪੁੱਛਿਆ – "ਮਰਨ ਵੇਲੇ ਭੋਜ ਨੇ ਕੁਝ ਕਿਹਾ ?"

ਜੁਆਬ ਵਿਚ ਵਤਸਰਾਜ ਨੇ ਚੁਪ ਚਾਪ ਭੋਜ ਦੀ ਉਹ ਚਿੱਠੀ ਰਾਜੇ ਨੂੰ ਦੇ ਦਿਤੀ। ਰਾਣੀ ਨੇ ਦੀਵਾ ਸਾਹਮਣੇ ਕਰ ਦਿਤਾ ਅਤੇ ਰਾਜਾ ਉਸ ਦੀ ਰੋਸ਼ਨੀ ਵਿਚ ਪੜ੍ਹਨ ਲਗਾ। ਪੱਤਰ ਵਿਚ ਲਿਖੇ ਸਲੋਕ ਦਾ ਅਰਥ ਇਹ ਸੀ :

'ਹੇ ਰਾਜਾ! ਸਤਿਜੁਗ ਦੀ ਸ਼ੋਭਾ ਵਧਾਉਣ ਵਾਲਾ ਰਾਜਾ ਮਾਂਧਾਤਾ ਵੀ ਇਸ ਸੰਸਾਰ ਤੋਂ ਚਲਾ ਗਿਆ। ਜਿਸ ਨੇ ਸਮੁੰਦਰ ਉਪਰ ਪੁਲ ਬੰਨ੍ਹਿਆ, ਉਹ ਰਾਵਣ ਨੂੰ ਮਾਰਨ ਵਾਲਾ ਰਾਜਾ ਰਾਮ ਵੀ ਅਜ ਨਹੀਂ ਹੈ! ਇਸੇ ਤਰ੍ਹਾਂ ਯੁਧਿਸ਼ਠਰ ਆਦਿਕ ਦੂਸਰੇ ਰਾਜਿਆਂ ਨੂੰ ਵੀ ਇਸ ਸੰਸਾਰ ਤੋਂ ਕੂਚ ਕਰਨਾ ਪਿਆ, ਕਿਸੇ ਦੇ ਨਾਲ ਵੀ ਇਹ ਧਰਤੀ ਨਹੀਂ ਗਈ ਪਰ ਮੈਨੂੰ ਯਕੀਨ ਹੈ ਕਿ ਤੁਹਾਡੇ ਨਾਲ ਇਹ ਧਰਤੀ ਜ਼ਰੂਰ ਜਾਵੇਗੀ।'

ਇਸ ਸਲੋਕ ਦਾ ਮਤਲਬ ਸਮਝ ਕੇ ਰਾਜੇ ਮੁੰਜ ਨੂੰ ਏਨਾ ਪਛਤਾਵਾ ਲਗਾ ਕਿ ਉਹ ਆਪ ਮਰਨ ਲਈ ਤਿਆਰ ਹੋ ਗਿਆ। ਵਤਸਰਾਜ ਨੇ ਪ੍ਰਧਾਨ ਮੰਤਰੀ ਬੁਧੀ ਸਾਗਰ ਦੇ ਕੰਨ ਵਿਚ ਭੋਜ ਦੇ ਜਿਊਂਦੇ ਹੋਣ ਦੀ ਗੱਲ ਕਹਿ ਦਿਤੀ। ਤਦ ਉਨ੍ਹਾਂ ਦੋਹਾਂ ਨੇ ਮਿਲ ਕੇ ਰਾਜੇ ਦੇ ਸਾਹਮਣੇ ਇਕ ਯੋਗੀ ਨੂੰ ਲਿਆਂਦਾ। ਯੋਗੀ ਨੇ ਯੋਗਬਲ ਨਾਲ ਭੋਜ ਦੀ ਲਾਸ਼ ਨੂੰ ਮੁੜ ਜਿਊਂਦਾ ਕਰ ਦੇਣ ਦੀ ਗੱਲ ਰਾਜੇ ਨੂੰ ਕਹੀ, ਉਸੇ ਰਾਤ ਭੋਜ ਨੂੰ ਰਾਜੇ ਦੇ ਸਾਹਮਣੇ ਲੈ ਆਏ। ਰਾਜੇ ਨੇ ਭੋਜ ਨੂੰ ਗਲ ਨਾਲ ਲਾ ਲਿਆ ਅਤੇ ਰਾਜ ਸਿੰਘਾਸਨ ਉਪਰ ਭੋਜ ਨੂੰ

ਬਿਠਾ ਕੇ ਆਪ ਪਤਨੀ ਸਮੇਤ ਬਨ ਵਿਚ ਤਪੱਸਿਆ ਕਰਨ ਚਲਾ ਗਿਆ।

* * *

ਇਕ ਵਾਰ ਰਾਤ ਵੇਲੇ ਅਚਾਨਕ ਰਾਜੇ ਭੋਜ ਦੀ ਨੀਂਦ ਖੁਲ੍ਹ ਗਈ। ਬਾਰੀ ਵਿਚੋਂ ਬਾਹਰ ਦੇਖਿਆ ਤਾਂ ਸਾਰਾ ਸ਼ਹਿਰ ਚਾਨਣੀ ਵਿਚ ਨਹਾ ਰਿਹਾ ਸੀ। ਅਕਾਸ਼ ਵਿਚ ਚੰਦਰਮਾ ਨੂੰ ਦੇਖ ਕੇ ਮੋਹਿਤ ਹੋ ਦੇਖਦੇ ਹੀ ਰਹਿ ਗਏ। ਦੇਖਦਿਆਂ-ਦੇਖਦਿਆਂ ਮੂੰਹੋਂ ਕਵਿਤਾ ਦੇ ਦੋ ਪਦ ਨਿਕਲ ਗਏ, ਜਿਨ੍ਹਾਂ ਦਾ ਅਰਥ ਇਹ ਸੀ —"ਚੰਦਰਮਾ ਦੇ ਅੰਦਰ ਬਦਲ ਦੇ ਛੋਟੇ-ਛੋਟੇ ਟੁਕੜਿਆਂ ਵਰਗੇ ਜਿਹੜੇ ਚਿੰਨ੍ਹ ਸ਼ੁਸ਼ੋਭਿਤ ਹੋ ਰਹੇ ਹਨ, ਉਨ੍ਹਾਂ ਨੂੰ ਲੋਕ ਖ਼ਰਗੋਸ਼ ਕਹਿੰਦੇ ਹਨ। ਪਰ ਮੇਰੇ ਖ਼ਿਆਲ ਵਿਚ ਇਹ ਖ਼ਰਗੋਸ਼ ਨਹੀਂ ਹਨ।" ਕਵਿਤਾ ਦੇ ਇਨ੍ਹਾਂ ਦੋਹਾਂ ਪਦਾਂ ਨੂੰ ਉਹ ਮੁੜ-ਮੁੜ ਦੁਹਰਾਉਂਦੇ ਰਹੇ, ਪਰ ਪੂਰੀ ਕਵਿਤਾ ਤਾਂ ਚਾਰ ਪਦਾਂ ਦੀ ਹੁੰਦੀ ਹੈ। ਬਾਕੀ ਦੋ ਪਦ ਉਨ੍ਹਾਂ ਨੂੰ ਸੁਝ ਨਹੀਂ ਰਹੇ ਸਨ।

ਏਨੇ ਵਿਚ ਬਾਕੀ ਦੋ ਪਦਾਂ ਨੂੰ ਪੂਰਾ ਕਰਨ ਵਾਲੀ ਇਕ ਅਵਾਜ਼ ਉਨ੍ਹਾਂ ਦੇ ਕੰਨ ਵਿਚ ਪਈ। ਕਵਿਤਾ ਵਿਚ ਹੀ ਉਹ ਅਵਾਜ਼ ਬੋਲੀ — "ਰਾਜਾ ! ਮੇਰੇ ਖ਼ਿਆਲ ਵਿਚ ਤਾਂ ਚੰਦਰਮਾ ਦੇ ਅੰਦਰ ਵਸਣ ਵਾਲੇ ਇਹ ਟੁਕੜੇ, ਤੁਹਾਡੇ ਦੁਸ਼ਮਨਾਂ ਦੀਆਂ ਬਿਰਹਣੀਆਂ ਦੀਆਂ ਚੰਗਿਆੜੀਆਂ ਨਾਲ ਪਏ ਸੈਂਕੜੇ ਦਾਗ਼ ਹਨ।" ਮਤਲਬ ਇਹ ਕਿ ਤੁਹਾਡੇ ਨਾਲ ਯੁੱਧ ਵਿਚ ਲੜ ਕੇ ਅਨੇਕਾਂ ਰਾਜੇ ਪਰਲੋਕ ਸਿਧਾਰੇ। ਉਨ੍ਹਾਂ ਦੀਆਂ ਔਰਤਾਂ ਹੁਣ ਕਾਮ ਤੋਂ ਵਿਆਕੁਲ ਹੋ ਕੇ ਚੰਦਰਮਾ ਉਪਰ ਅੱਖਾਂ ਦੇ ਅੰਗਾਰੇ ਵਰਸਾ ਰਹੀਆਂ ਹਨ। ਅਰਥਾਤ ਆਪ ਬਹੁਤ ਵਡੇ ਬਹਾਦਰ ਹੋ, ਸੰਸਾਰ-ਜੇਤੂ ਹੋ।

ਜਦੋਂ ਰਾਜੇ ਨੇ ਉਸ ਅਵਾਜ਼ ਵਲ ਨਜ਼ਰ ਦੁੜਾਈ ਤਾਂ ਦੇਖਿਆ ਕਿ ਮਹਿਲ ਦੀ ਨੁੱਕਰ ਵਿਚ ਖਲੋਤਾ, ਬੋਲਣ ਵਾਲਾ ਇਕ ਆਦਮੀ ਹੈ। ਪੁੱਛਣ ਤੇ ਪਤਾ ਲਗਾ ਕਿ ਚੋਰੀ ਕਰਨ ਦੇ ਵਿਚਾਰ

ਨਾਲ ਮਹੱਲ ਵਿਚ ਦਾਖ਼ਲ ਹੋਇਆ ਹੈ। ਰਾਜੇ ਨੇ ਰਾਤ ਭਰ ਲਈ ਉਸ ਨੂੰ ਇਕ ਕਮਰੇ ਵਿਚ ਬੰਦ ਕਰਾ ਦਿਤਾ। ਦੂਸਰੇ ਦਿਨ ਸਵੇਰੇ ਰਾਜ ਦਰਬਾਰ ਵਿਚ ਬੁਲਾ ਕੇ ਉਸ ਦੀ ਕਵਿਤਾ ਤੋਂ ਖ਼ੁਸ਼ ਹੋ ਕੇ ਦਸ ਕਰੋੜ ਮੋਹਰਾਂ ਉਸ ਨੂੰ ਇਨਾਮ ਵਿਚ ਦਿਤੀਆਂ।

* * *

ਰਾਜਾ ਭੋਜ ਗ਼ਰੀਬਾਂ ਉਪਰ ਕਿੰਨੀ ਦਇਆ ਕਰਦੇ ਸਨ, ਇਸ ਉਦਾਹਰਣ ਤੋਂ ਸਮਝੋ ; ਇਕ ਵਾਰ ਇਕ ਗ਼ਰੀਬ ਪੰਡਤ ਉਨ੍ਹਾਂ ਦੇ ਦਰਬਾਰ ਵਿਚ ਆਇਆ ਅਤੇ ਉਨ੍ਹਾਂ ਨੂੰ ਇਕ ਕਵਿਤਾ ਸੁਣਾਈ ਜਿਸ ਦਾ ਅਰਥ ਇਹ ਸੀ – "ਮਹਾਰਾਜ ! ਮੇਰੀ ਮਾਂ ਨਾ ਮੇਰੇ ਨਾਲ ਖ਼ੁਸ਼ ਰਹਿੰਦੀ ਹੈ ਨਾ ਆਪਣੀ ਨੂੰਹ ਨਾਲ। ਨੂੰਹ ਨਾ ਸਸ ਨਾਲ ਖ਼ੁਸ਼ ਰਹਿੰਦੀ ਹੈ ਨਾ ਆਪਣੇ ਪਤੀ ਮੇਰੇ ਨਾਲ। ਅਤੇ ਨਾ ਮੈਂ ਆਪਣੀ ਮਾਂ ਨਾਲ ਖ਼ੁਸ਼ ਰਹਿੰਦਾ ਹਾਂ ਨਾ ਆਪਣੀ ਪਤਨੀ ਨਾਲ। ਦਸੋ ਇਸ ਵਿਚ ਦੋਸ਼ ਕਿਸ ਦਾ ਹੈ ?"

ਰਾਜੇ ਭੋਜ ਨੂੰ ਸਮਝਦਿਆਂ ਦੇਰ ਨਾ ਲਗੀ ਕਿ ਸਾਰਾ ਦੋਸ਼ ਗ਼ਰੀਬੀ ਦਾ ਹੈ। ਉਸ ਗ਼ਰੀਬ ਬ੍ਰਾਹਮਣ ਨੂੰ ਰਾਜੇ ਨੇ ਇੰਨਾ ਧਨ ਦਿਤਾ ਕਿ ਘਰ ਵਿਚੋਂ ਲੜਾਈ-ਝਗੜੇ ਦੀ ਜੜ੍ਹ ਹੀ ਖ਼ਤਮ ਹੋ ਗਈ।

ਇਸ ਤਰ੍ਹਾਂ ਦੀ ਦੂਸਰੀ ਕਹਾਣੀ ਵੀ ਹੈ। ਇਕ ਵਾਰ ਸਰਦੀਆਂ ਦੀ ਰਾਤ ਨੂੰ ਰਾਜਾ ਭੋਜ ਭੇਸ ਬਦਲ ਕੇ ਸ਼ਹਿਰ ਵਿਚ ਘੁੰਮ ਰਹੇ ਸਨ – ਫਿਰਦੇ-ਤੁਰਦੇ ਉਹ ਇਕ ਮੰਦਰ ਪਾਸ ਪਹੁੰਚੇ। ਇਕ ਗ਼ਰੀਬ ਆਪਣੀ ਹਾਲਤ ਤੇ ਆਪ ਹੀ ਤਰਸ ਖਾ ਕੇ ਇਕ ਕਵਿਤਾ ਬੋਲ ਰਿਹਾ ਸੀ, ਜਿਸ ਦਾ ਭਾਵ ਇਹ ਸੀ — "ਮੈਂ ਬੜੀ ਮੁਸ਼ਕਲ ਨਾਲ ਸਰਦੀ ਬਰਦਾਸ਼ਤ ਕਰ ਰਿਹਾ ਹਾਂ। ਮਾਘ ਦੇ ਠੰਡੇ ਪਾਣੀ ਦੀ ਤਰ੍ਹਾਂ ਚਿੰਤਾ-ਰੂਪੀ ਸਮੁੰਦਰ ਵਿਚ ਡੁੱਬਿਆ ਹੋਇਆ ਹਾਂ। ਬੁਝੀ ਹੋਈ ਅਗ ਨੂੰ ਫੂਕ ਮਾਰਨ ਲਗਿਆਂ ਮੇਰੇ ਹੋਠ ਥਰ-ਥਰ ਕੰਬਦੇ

ਹਨ, ਭੁੱਖ ਨਾਲ ਮੇਰਾ ਢਿੱਡ ਸੁੱਕ ਗਿਆ ਹੈ। ਰੁਸੀ ਹੋਈ ਪਤਨੀ ਵਾਂਗ ਨੀਂਦ ਮੇਰੇ ਨਾਲ ਰੁਸ ਕੇ ਕਿਧਰੇ ਦੂਰ ਚਲੀ ਗਈ ਹੈ। ਅਤੇ ਕਿਸੇ ਸਪੁੱਤਰ ਨੂੰ ਦਿਤੇ ਹੋਏ ਧਨ ਵਾਂਗ ਇਹ ਰਾਤ ਖ਼ਤਮ ਹੋਣਾ ਹੀ ਨਹੀਂ ਚਾਹੁੰਦੀ।"


ਰਾਜੇ ਨੇ ਚੁੱਪ-ਚਾਪ ਉਸ ਦੀ ਦਰਦ ਭਰੀ ਕਹਾਣੀ ਸੁਣ ਲੀਤੀ। ਦੂਸਰੇ ਦਿਨ ਸਵੇਰੇ ਹੀ ਉਸ ਨੇ ਉਸ ਬ੍ਰਾਹਮਣ ਨੂੰ ਸਦਵਾ ਲਿਆ। ਫੇਰ ਉਸ ਪਾਸੋਂ ਪੁੱਛਿਆ ਕਿ ਤੂੰ ਸਰਦੀਆਂ ਦਾ ਏਨਾ ਸਮਾਂ ਕਿਵੇਂ ਗੁਜ਼ਾਰਿਆ ? ਬ੍ਰਾਹਮਣ ਨੇ ਕਵਿਤਾ ਵਿਚ ਹੀ ਜੁਆਬ ਦਿਤਾ, ਜਿਸ ਦਾ ਮਤਲਬ ਇਹ ਸੀ — "ਮਹਾਰਾਜ ! ਜਾਨੂੰ, ਭਾਨੂ ਅਤੇ ਕ੍ਰਿਸ਼ਾਨੂ ਦੀ ਮਦਦ ਨਾਲ ਮੈਂ ਠੰਡ ਦਾ ਸਮਾਂ ਕਟਿਆ।" ਅਰਥਾਤ ਰਾਤ ਨੂੰ ਜਾਨੂ, ਯਾਨੀ ਗੋਡਿਆਂ ਨਾਲ ਛਾਤੀ ਜੋੜ ਕੇ, ਦਿਨ ਨੂੰ ਭਾਨੂ, ਯਾਨੀ ਸੂਰਜ ਦੀ ਧੁੱਪ ਵਿਚ ਬੈਠ ਕੇ ਅਤੇ ਸਵੇਰ-ਸ਼ਾਮ ਕ੍ਰਿਸ਼ਾਨੂੰ ਯਾਨੀ ਅਗ ਸੇਕ ਕੇ।

ਰਾਜੇ ਨੇ ਉਸ ਬ੍ਰਾਹਮਣ ਨੂੰ ਗ਼ਰੀਬ ਤੋਂ ਬਿਨਾਂ ਵੱਡਾ ਕਵੀ ਝੀ ਸਮਵ ਕੇ ਉਸ ਨੂੰ ਤਿੰਨ ਲੱਖ ਮੋਹਰਾਂ ਇਨਾਮ ਦਿਤੀਆਂ।

* * *

ਰਾਜੇ ਭੋਜ ਦੇ ਸਮੇਂ ਵੀ ਰਾਜ ਦਰਬਾਰਾਂ ਦੀ ਇਹ ਗੱਲ ਸੀ ਕਿ ਪਹਿਲਾਂ ਦੇ ਡਟੇ ਹੋਏ ਦਰਬਾਰੀ ਲੋਕ, ਕਿਸੇ ਨਵੇਂ ਆਦਮੀ ਨੂੰ ਅਸਾਨੀ ਨਾਲ ਅੰਦਰ ਜਾਣ ਨਹੀਂ ਦੇਂਦੇ ਸਨ। ਕਵੀ ਸ਼ੇਖਰ ਨੇ ਧਾਰਾ ਨਗਰ ਵਿਚ ਪਹੁੰਚ ਕੇ ਰਾਜ ਸਭਾ ਵਿਚ ਜਾਣ ਦੀ ਬੜੀ ਕੋਸ਼ਸ਼ ਕੀਤੀ ਪਰ ਦਰਬਾਰੀਆਂ ਦੀਆਂ ਚਾਲਾਂ ਕਰ ਕੇ ਅਸਫ਼ਲ ਰਿਹਾ। ਵਿਚਾਰਾ ਗ਼ਰੀਬੀ ਵਿਚ ਦਿਨ ਬਿਤਾਉਣ ਲਗਾ। ਇਕ ਦਿਨ ਰਾਜਾ ਭੋਜ ਹਾਥੀ ਉਪਰ ਬੈਠ ਕੇ ਸ਼ਹਿਰ ਦੇ ਉਸ ਹਿੱਸੇ ਵਿਚੋਂ ਲੰਘ ਰਹੇ ਸਨ, ਜਿਥੇ ਸ਼ੇਖਰ ਜ਼ਮੀਨ ਤੇ ਪਏ ਦਾਣਿਆਂ ਨੂੰ ਚੁਣ ਰਿਹਾ ਸੀ।

ਭੋਜ ਨੇ ਉਸ ਨੂੰ ਦੇਖ ਕੇ ਨਫ਼ਰਤ ਨਾਲ ਕਿਹਾ — "ਜਿਹੜਾ ਆਦਮੀ ਆਪਣਾ ਪੇਟ ਵੀ ਨਹੀਂ ਭਰ ਸਕਦਾ, ਉਸ ਦਾ ਧਰਤੀ ਉਪਰ ਜਨਮ, ਲੈਣ ਦਾ ਕੀ ਲਾਭ ?"




ਤਦ ਉਸ ਗਰੀਬ ਸ਼ੇਖਰ ਨੇ ਉਤਰ ਦਿਤਾ — "ਜਿਹੜਾ ਸਮਰੱਥ ਹੋ ਕੇ ਵੀ ਦੂਸਰੇ ਦਾ ਭਲਾ ਨਹੀਂ ਕਰ ਸਕਦਾ, ਉਸ ਦਾ ਧਰਤੀ ਉਪਰ ਜਨਮ ਲੈਣ ਦਾ ਕੀ ਫ਼ਾਇਦਾ ?"

ਰਾਜਾ ਇਸ ਤਿੱਖੇ ਜੁਆਬ ਤੋਂ ਝੇਂਪ ਕੇ ਫੇਰ ਬੋਲਿਆ— "ਮਾਤਾ ! ਤੂੰ ਮੰਗ ਕੇ ਪੇਟ ਭਰਨ ਵਾਲੇ ਪੁੱਤਰ ਨੂੰ ਪੈਦਾ ਹੀ ਨਾ ਕਰ !"

ਤਦ ਸ਼ੇਖਰ ਵੀ ਜੈਸੇ ਕੋ ਤੈਸਾ ਜੁਆਬ ਦੇਂਦਿਆਂ ਬੋਲਿਆ— "ਧਰਤੀ ਮਾਤਾ ! ਤੂੰ ਜਾਚਕਾਂ ਦੀ ਪ੍ਰਾਰਥਨਾ ਉਪਰ ਧਿਆਨ ਨਾ ਦੇਣ ਵਾਲੇ ਪੁਰਸ਼ ਨੂੰ ਆਪਣੇ ਉਪਰ ਧਾਰਨ ਹੀ ਨਾ ਕਰ ।"

ਰਾਜੇ ਨੂੰ ਹੁਣ ਸਮਝਣ ਵਿਚ ਦੇਰ ਨਾ ਲਗੀ ਕਿ ਇਹ ਫ਼ਕੀਰ ਦਿਸਣ ਵਾਲਾ ਅਸਲ ਵਿਚ ਫ਼ਕੀਰ ਨਹੀਂ। ਰਾਜੇ ਨੇ ਉਸ ਦਾ ਨਾਂ-ਪਤਾ ਪੁੱਛਿਆ। ਫ਼ਕੀਰ ਨੇ ਕਿਹਾ – "ਮਹਾਰਾਜ! ਮੈਂ ਸ਼ੇਖਰ ਨਾਂ ਦਾ ਕਵੀ ਹਾਂ। ਪਰ ਤੁਹਾਡੇ ਦਰਬਾਰੀ ਵਿਦਵਾਨਾਂ ਨੇ ਮੈਨੂੰ ਅੰਦਰ ਜਾਣ ਨਹੀਂ ਦਿਤਾ। ਇਸ ਲਈ ਮੈਨੂੰ ਇਹ ਰਸਤਾ ਅਪਨਾਉਣਾ ਪਿਆ।

ਰਾਜੇ ਨੇ ਸ਼ੇਖਰ ਨੂੰ ਆਪਣੇ ਦਰਬਾਰ ਵਿਚ ਬੁਲਾ ਲਿਆ ਅਤੇ ਬਹੁਤ ਸਾਰਾ ਧਨ ਦੇ ਕੇ ਰਾਜੀ ਕੀਤਾ।

ਇਹ ਪਹਿਲੇ ਲਿਖਿਆ ਜਾ ਚੁੱਕਾ ਹੈ ਕਿ ਰਾਜਾ ਭੋਜ ਦੇ ਦਰਬਾਰ ਵਿਚ ਸਾਰੇ ਧਰਮਾਂ ਦੇ ਕਵੀ ਅਤੇ ਵਿਦਵਾਨ ਸੀ। ਧਨਪਾਲ ਨਾਂ ਦਾ ਜੈਨੀ ਕਵੀ ਬੜਾ ਚਤਰ ਸੀ। ਉਹ ਕਈ ਤਰੀਕਿਆਂ ਨਾਲ ਰਾਜੇ ਦੇ ਮਨ ਨੂੰ ਹਿੰਸਾ ਤੋਂ ਅਹਿੰਸਾ ਵਲ ਮੋੜਨ ਦਾ ਯਤਨ ਕਰਦਾ ਰਹਿੰਦਾ।

ਇਕ ਵਾਰ ਰਾਜਾ ਭੋਜ ਸ਼ਿਕਾਰ ਖੇਡਣ ਚਲੇ। ਧਨਪਾਲ ਕਵੀ ਵੀ ਉਨ੍ਹਾਂ ਦੇ ਨਾਲ ਸੀ। ਰਾਜੇ ਨੇ ਕਵਿਤਾ ਵਿਚ ਹੀ ਉਸ ਤੋਂ ਪੁਛਿਆ, ਜਿਸ ਦਾ ਮਤਲਬ ਇਹ ਸੀ – "ਧਨਪਾਲ! ਕੀ ਕਾਰਨ ਹੈ ਕਿ ਹਿਰਨ ਤਾਂ ਅਸਮਾਨ ਵਲ ਕੁਦਦੇ ਹਨ ਪਰ ਸੂਰ ਧਰਤੀ ਖੋਦਦੇ ਹਨ ?"

ਧਨਪਾਲ ਨੇ ਬੜੀ ਚਤਰਾਈ ਨਾਲ ਜੁਆਬ ਦਿਤਾ, "ਮਹਾਰਾਜ! ਤੁਹਾਡੇ ਸ਼ਸਤਰ ਦੀ ਮਾਰ ਤੋਂ ਘਬਰਾ ਕੇ ਹਿਰਨ ਤਾਂ ਚੰਦਰਮਾ ਦੀ ਗੋਦ ਵਿਚ ਬੈਠੇ ਆਪਣੀ ਜਾਤ ਦੇ ਹਿਰਨ ਦੀ ਸ਼ਰਨ ਜਾਣਾ ਚਾਹੁੰਦੇ ਹਨ, ਅਤੇ ਸੂਰ ਜਾਣਾ ਚਾਹੁੰਦੇ ਹਨ, ਧਰਤੀ ਨੂੰ ਉਠਾਉਣ ਵਾਲੇ ਵਾਰਾਹ (ਸੂਰ) ਰੂਪ ਧਾਰੀ ਭਗਵਾਨ ਵਿਸ਼ਨੂੰ ਦੀ ਸ਼ਰਨ ਵਿਚ।"

ਫੇਰ ਵੀ ਰਾਜੇ ਉਪਰ ਕੋਈ ਖ਼ਾਸ ਅਸਰ ਨਾ ਹੋਇਆ। ਉਸ ਨੇ ਇਕ ਹਿਰਨ ਉਪਰ ਤੀਰ ਚਲਾਇਆ। ਹਿਰਨ ਜ਼ਖ਼ਮੀ

ਹੋ ਕੇ ਤੜਫਣ ਲਗਾ। ਤਦ ਰਾਜੇ ਨੇ ਉਸ ਦ੍ਰਿਸ਼ ਦਾ ਵਰਨਣ ਕਰਨ ਲਈ ਧਨਪਾਲ ਨੂੰ ਕਿਹਾ।

ਧਨਪਾਲ ਝਟ ਸੰਸਕ੍ਰਿਤ ਕਵਿਤਾ ਵਿਚ ਬੋਲਿਆ, ਜਿਸਦਾ ਅਰਥ ਇਹ ਸੀ – "ਸਤਿਆਨਾਸ ਹੋਵੇ ਤੇਰੀ ਇਸ ਜਵਾਨੀ ਦਾ, ਜਿਸ ਵਿਚ ਰਤਾ ਵੀ ਦਇਆ ਨਹੀਂ। ਇਹ ਅਨਿਆਂ ਹੈ। ਸ਼ਰਨਾਗਤ ਦਾ ਕੋਈ ਕਸੂਰ ਨਹੀਂ। ਅਫ਼ਸੋਸ, ਦੁਨੀਆਂ ਵਿਚ ਕੋਈ ਕਿਸੇ ਨੂੰ ਪੁੱਛਣ ਵਾਲਾ ਨਹੀਂ! ਇਸੇ ਕਰ ਕੇ ਤਾਂ ਬਹਾਦਰ ਕਮਜ਼ੋਰ ਨੂੰ ਮਾਰਦੇ ਹਨ।"

ਕਹਿੰਦੇ ਹਨ ਕਿ ਇਹ ਸੁਣ ਕੇ ਰਾਜੇ ਭੋਜ ਨੂੰ ਬੜਾ ਕ੍ਰੋਧ ਆਇਆ। ਇਸ ਪਰ ਧਨਪਾਲ ਨੇ ਫਿਰ ਕਿਹਾ – "ਮਹਾਰਾਜ ! ਮਰ ਰਿਹਾ ਦੁਸ਼ਮਨ ਵੀ ਜੋ ਮੂੰਹ ਵਿਚ ਘਾਹ ਰਖ ਲਵੇ ਤਾਂ ਉਸ ਨੂੰ ਛਡ ਦਿੰਦੇ ਹਨ, ਪਰ ਇਹ ਪਸ਼ੂ ਵਿਚਾਰੇ ਤਾਂ ਹਰ ਵੇਲੇ ਹੀ ਘਾਹ ਖਾਂਦੇ ਹਨ! ਫੇਰ ਇਸ ਹਾਲਤ ਵਿਚ ਇਹ ਕਿਉਂ ਮਾਰੇ ਜਾਂਦੇ ਹਨ ?"

ਇਸ ਵਾਰ ਰਾਜੇ ਭੋਜ ਉਪਰ ਧਨਪਾਲ ਦੇ ਕਹਿਣ ਦਾ ਬੜਾ ਅਸਰ ਹੋਇਆ। ਰਾਜੇ ਨੇ ਉਸ ਦਿਨ ਤੋਂ ਸ਼ਿਕਾਰ ਕਰਨਾ ਛੱਡ ਦਿਤਾ।

ਜਦੋਂ ਉਹ ਸ਼ਿਕਾਰ ਤੋਂ ਮੁੜ ਰਹੇ ਸਨ, ਤਾਂ ਰਸਤੇ ਵਿਚ ਇਕ ਜਗ੍ਯਾ ਯਗ ਹੋ ਰਿਹਾ ਸੀ। ਰਾਜੇ ਭੋਜ ਦੀ ਨਜ਼ਰ ਯਗ-ਮੰਡਪ ਉਪਰ ਪਈ। ਬਲੀ ਲਈ ਖੰਭੇ ਨਾਲ ਬੱਧਾ ਬਕਰਾ ਮਿਮਿਆ ਰਿਹਾ ਸੀ। ਰਾਜੇ ਨੇ ਧਨਪਾਲ ਪਾਸੋਂ ਉਸ ਬਕਰੇ ਦੇ ਮਿਮਿਆਣ ਦਾ ਕਾਰਨ ਪੁਛਿਆ। ਧਨਪਾਲ ਨੇ ਉਸਦੇ ਮਿਮਿਆਣ ਦਾ ਕਾਰਨ ਇਹ ਦਸਿਆ, "ਮਹਾਰਾਜ ! ਇਹ ਬਕਰਾ ਕਹਿ ਰਿਹਾ ਹੈ – ਨਾ ਤਾਂ ਮੈਨੂੰ ਸਵਰਗ ਦੇ ਸੁਖ ਦੀ ਇੱਛਾ ਹੈ ਅਤੇ ਨਾ ਮੈਂ ਉਸ ਦੇ ਲਈ ਤੁਹਾਡੇ ਪਾਸ ਪ੍ਰਾਰਥਨਾ ਕੀਤੀ ਹੈ। ਭਲੇ ਆਦਮੀ ! ਮੈਂ ਤਾਂ ਸਦਾ ਘਾਹ ਖਾ ਕੇ ਹੀ ਖ਼ੁਸ਼ ਹਾਂ। ਫੇਰ ਤੂੰ ਮੈਨੂੰ ਸਵਰਗ ਪੁਚਾਉਣ ਲਈ ਕਿਉਂ ਮਾਰ ਰਿਹਾ ਹੈਂ ? ਜੇਕਰ ਯਗ ਵਿਚ ਮਾਰੇ ਜੀਵ ਸਚਮੁਚ ਹੀ ਸਵਰਗ ਵਿਚ ਜਾਂਦੇ

ਹਨ, ਤਾਂ ਤੂੰ ਆਪਣੇ ਮਾਂ. ਪਿਓ, ਬੱਚੇ ਅਤੇ ਰਿਸ਼ਤੇਦਾਰਾਂ ਨੂੰ ਮਾਰ ਕੇ ਹੀ, ਯਗ ਪੂਰਾ ਕਿਉਂ ਨਹੀਂ ਕਰ ਲੈਂਦਾ, ਤਾਂ ਕਿ ਉਨ੍ਹਾਂ ਨੂੰ ਵੀ ਆਸਾਨੀ ਨਾਲ ਸਵਰਗ ਮਿਲ ਜਾਵੇ !"

ਰਾਜਾ ਇਸ ਜੁਆਬ ਤੋਂ ਹੈਰਾਨ ਰਹਿ ਗਿਆ ! ਤਦ ਧਨਪਾਲ ਨੇ ਫੇਰ ਕਿਹਾ – "ਜੇਕਰ ਪਸ਼ੂ-ਮਾਰਨ ਲਈ ਥੰਮ੍ਹ ਖੜਾ ਕਰ ਕੇ, ਪਸ਼ੂਆਂ ਨੂੰ ਮਾਰ ਕੇ ਖ਼ੂਨ ਦਾ ਚਿਕੜ ਪੈਦਾ ਕਰ ਕੇ ਕੋਈ ਸਵਰਗ ਪਹੁੰਚ ਜਾਵੇ ਤਾਂ ਫੇਰ ਨਰਕ ਵਿਚ ਕੌਣ ਜਾਵੇਗਾ ? ਮਹਾਰਾਜ ! ਸਾਧੂ ਸੰਤਾਂ ਦਾ ਧਰਮ ਤਾਂ ਇਹ ਹੈ ਕਿ ਸੱਚ ਹੀ ਯਗ ਦਾ ਥੰਮ੍ਹ ਹੈ, ਤਪ ਹੀ ਅਗਨੀ ਹੈ ; ਅਤੇ ਆਤਮਾ ਕਰਮ ਹੀ ਯਗ ਦੀਆਂ ਲੱਕੜਾਂ ਹਨ ? ਅਤੇ ਇਹੋ ਜਿਹੇ ਯਗ ਕੁੰਡ ਵਿਚ ਅਹਿੰਸਾ ਦੀ ਅਹੂਤੀ ਦੇਣੀ ਚਾਹੀਦੀ ਹੈ।"

ਕਹਿੰਦੇ ਹਨ ਇਸ ਤਰ੍ਹਾਂ ਧਨਪਾਲ ਨੇ ਰਾਜਾ ਭੋਜ ਦਾ ਦਿਲ ਹਿੰਸਾ ਅਤੇ ਯਗ ਦੇ ਅਡੰਬਰ ਤੋਂ ਸਦਾ ਲਈ ਮੋੜ ਦਿਤਾ।

* * *

ਰਾਜਾ ਭੋਜ ਦੇ ਸਮੇਂ ਗੁਜਰਾਤ ਉਪਰ ਰਾਜਾ ਭੀਮ ਰਾਜ ਕਰ ਰਿਹਾ ਸੀ। ਗੁਆਂਢੀ ਹੋਣ ਕਰ ਕੇ ਦੋਹਾਂ ਦੀ ਆਪਸ ਵਿਚ ਖ਼ੂਬ ਲਗਦੀ ਸੀ। ਇਕ ਵਾਰ ਰਾਜਾ ਭੋਜ ਨੇ ਭੀਮ ਦੀ ਅਕਲ ਦੀ ਪ੍ਰੀਖਿਆ ਲੈਣ ਲਈ ਹੇਠ ਲਿਖੀਆਂ ਚਾਰ ਚੀਜ਼ਾਂ ਭੇਜਣ ਲਈ ਸੁਨੇਹਾ ਭਿਜਵਾਇਆ।

ਉਹ ਚਾਰ ਚੀਜ਼ਾਂ ਇਹ ਸਨ :

(੧) ਉਹ ਚੀਜ਼ ਜਿਹੜੀ ਇਸ ਲੋਕ ਵਿਚ ਹੈ, ਪਰ ਪਰਲੋਕ ਵਿਚ ਨਹੀਂ ਹੈ।

(੨) ਉਹ ਚੀਜ਼ ਜਿਹੜੀ ਪਰਲੋਕ ਵਿਚ ਹੈ, ਪਰ ਇਸ ਲੋਕ ਵਿਚ ਨਹੀਂ ਹੈ।

(੩) ਉਹ ਚੀਜ਼ ਜਿਹੜੀ ਇਸ ਲੋਕ ਵਿਚ ਵੀ ਹੈ, ਪਰਲੋਕ ਵਿਚ ਵੀ ਹੈ।

(੪) ਉਹ ਚੀਜ਼ ਜਿਹੜੀ ਇਸ ਲੋਕ ਵਿਚ ਵੀ ਨਹੀਂ ਹੈ, ਪਰਲੋਕ ਵਿਚ ਵੀ ਨਹੀਂ ਹੈ।

ਸੁਨੇਹਾ ਲੈ ਕੇ ਰਾਜੇ ਭੋਜ ਦਾ ਦੂਤ ਭੀਮ ਦੇ ਦਰਬਾਰ ਵਿਚ ਪਹੁੰਚਾ। ਦਰਬਾਰ ਦਾ ਕੋਈ ਵੀ ਵਿਦਵਾਨ ਇਨ੍ਹਾਂ ਚਾਰ ਚੀਜ਼ਾਂ ਦਾ ਮਤਲਬ ਨਾ ਸਮਝ ਸਕਿਆ। ਭੀਮ ਨੂੰ ਬੜੀ ਚਿੰਤਾ ਹੋਈ, ਬਦਨਾਮੀ ਦਾ ਡਰ ਸੀ। ਤਦ ਭੀਮ ਦੇ ਦਰਬਾਰ ਦੀ ਇਕ ਵੇਸ਼ਵਾ ਨੇ ਚਾਰਾਂ ਚੀਜ਼ਾਂ ਦਾ ਮਤਲਬ ਆਪਣੇ ਰਾਜੇ ਨੂੰ ਸਮਝਾਇਆ।

ਉਸ ਨੇ ਹਰ ਇਕ ਚੀਜ਼ ਦਾ ਅਰਥ ਦਸਦਿਆਂ ਕਿਹਾ– "ਮਹਾਰਾਜ! ਰਾਜਾ ਭੋਜ ਨੇ ਜਿਹੜੀ ਪਹਿਲੀ ਚੀਜ਼ ਭੇਜਣ ਲਈ ਕਿਹਾ ਹੈ, ਉਹ 'ਵੇਸ਼ਵਾ' ਹੈ। ਕਿਉਂਕਿ ਵੇਸ਼ਵਾ ਨੂੰ ਇਸ ਲੋਕ ਵਿਚ ਸਾਰੇ ਸੁਖ ਪ੍ਰਾਪਤ ਹਨ, ਪਰਲੋਕ ਵਿਚ ਨਹੀਂ। ਦੂਸਰੀ ਚੀਜ਼ ਦਾ ਮਤਲਬ ਹੈ 'ਤਪਸਵੀ'। ਤਪਸਵੀ ਨੂੰ ਇਸ ਲੋਕ ਵਿਚ ਸੁਖ ਨਹੀਂ ਮਿਲਦਾ ਪਰ ਪਰਲੋਕ ਵਿਚ ਹਰ ਤਰ੍ਹਾਂ ਦਾ ਸੁਖ ਮਿਲਦਾ ਹੈ। ਤੀਸਰੀ ਚੀਜ਼ ਦਾ ਮਤਲਬ ਹੈ 'ਦਾਨੀ'। ਦਾਨੀ ਆਦਮੀ ਇਸ ਲੋਕ ਵਿਚ ਵੀ ਸੁਖ ਭੋਗਦਾ ਹੈ, ਪਰਲੋਕ ਵਿਚ ਵੀ। ਚੌਥੀ ਚੀਜ਼ ਦਾ ਮਤਲਬ ਹੈ 'ਜੁਆਰੀ'। ਜੁਆਰੀਏ ਨੂੰ ਨਾ ਇਸ ਲੋਕ ਵਿਚ ਸੁਖ ਹੈ, ਨਾ ਪਰਲੋਕ ਵਿਚ।

ਰਾਜਾ ਭੀਮ ਉਸ ਵੇਸ਼ਵਾ ਦੀ ਬੁੱਧੀ ਉਪਰ ਬੜਾ ਪ੍ਰਸੰਨ ਹੋਇਆ। ਉਸ ਨੇ ਇਹ ਚਾਰੇ ਚੀਜ਼ਾਂ ਭੋਜ ਦੇ ਦਰਬਾਰ ਵਿਚ ਭੇਜ ਦਿਤੀਆਂ।

* * *

ਇਹ ਦਸ ਚੁਕੇ ਹਾਂ ਕਿ ਰਾਜਾ ਭੋਜ ਦੇ ਦਰਬਾਰ ਵਿਚ ਵਡੇ-ਵਡੇ ਕਵੀ ਸਨ। ਭੋਜ ਆਪ ਵੀ ਚੰਗੇ ਕਵੀ ਸਨ। ਇਸੇ ਲਈ ਦਰਬਾਰ ਦੇ ਕਵੀਆਂ ਨੇ ਉਨ੍ਹਾਂ ਨੂੰ ਕਵੀਰਾਜ ਦੀ ਉਪਾਧੀ ਦਿਤੀ ਸੀ। ਦਰਬਾਰੀ ਕਵੀਆਂ ਵਿਚੋਂ ਕਾਲੀਦਾਸ ਸਭ ਤੋਂ ਵਡੇ ਕਵੀ ਸਨ। ਭੋਜ ਕਾਲੀਦਾਸ ਦਾ ਸਭ ਤੋਂ ਵਧੇਰੇ ਆਦਰ ਕਰਦੇ ਸਨ।

ਵਿਦਵਾਨਾਂ ਦਾ ਵਿਚਾਰ ਹੈ ਕਿ ਕਾਲੀਦਾਸ ਨਾਂ ਦੇ ਕਈ ਕਵੀ ਹੋਏ ਹਨ। ਸੈਂਕੜੇ ਸਾਲ ਪਹਿਲਾਂ ਰਾਜਾ ਬਿਕਰਮਾਦਤ ਦੇ ਦਰਬਾਰ ਦੇ ਕਵੀ ਕਾਲੀਦਾਸ ਭੋਜ ਦੇ ਦਰਬਾਰ ਦੇ ਕਾਲੀਦਾਸ ਨਾਲੋਂ ਵਖਰੇ ਸਨ। ਜੋ ਵੀ ਹੋਵੇ, ਪਰ ਭੋਜ ਦੇ ਦਰਬਾਰ ਦੇ ਕਾਲੀਦਾਸ ਵੀ ਬੜੀ ਸਿਆਣਪ ਦੇ ਮਾਲਕ ਸਨ।

ਇਕ ਦਿਨ ਰਾਜਾ ਭੋਜ ਆਪਣੇ ਰਾਜ ਮਹਲ ਵਿਚ ਬਿਨਾਂ ਖ਼ਬਰ ਕੀਤੇ ਆ ਪਹੁੰਚੇ। ਉਨ੍ਹਾਂ ਦੀ ਰਾਣੀ ਲੀਲਾਵਤੀ ਬੜੀ ਪੜ੍ਹੀ-ਲਿਖੀ ਸੀ, ਕਵੀ ਸੀ। ਉਸ ਵਕਤ ਉਹ ਆਪਣੀ ਇਕ ਸਹੇਲੀ ਨਾਲ ਗੱਲਾਂ ਕਰ ਰਹੀ ਸੀ। ਰਾਜੇ ਨੂੰ ਇਸ ਤਰ੍ਹਾਂ ਬਿਨਾਂ ਖ਼ਬਰ ਦਿਤੇ ਆਇਆ ਦੇਖ, ਉਸ ਦੇ ਮੂੰਹੋਂ ਇਹ ਸ਼ਬਦ ਨਿਕਲ ਗਿਆ — "ਮੂਰਖ"।




ਰਾਣੀ ਨੇ ਹੌਲੀ ਜਿਹੀ ਇਹ ਸ਼ਬਦ ਕਿਹਾ ਸੀ, ਪਰ ਰਾਜੇ ਨੇ ਸੁਣ ਲਿਆ। ਉਹ ਚੁਪ-ਚਾਪ ਰਾਜਮਹਲ ਤੋਂ ਮੁੜ ਕੇ ਦਰਬਾਰ ਵਿਚ ਆ ਗਏ। ਰਾਣੀ ਦੇ ਮੂੰਹੋਂ ਨਿਕਲੇ 'ਮੂਰਖ' ਸ਼ਬਦ ਦੀ ਉਨ੍ਹਾ

ਨੂੰ ਸਮਝ ਨਾ ਆਈ, ਪਰ ਇਸ ਦਾ ਮਤਲਬ ਉਹ ਸਮਝਣਾ ਚਾਹੁੰਦੇ ਸਨ। ਇਸ ਲਈ ਦਰਬਾਰ ਵਿਚ ਜਿਹੜਾ ਵੀ ਕਵੀ ਹਾਜ਼ਰ ਹੁੰਦਾ, ਉਸ ਦਾ ਉਹ 'ਆਓ ਮੂਰਖ'! ਕਹਿ ਕੇ ਸਵਾਗਤ ਕਰਦੇ। ਇਸ ਨਵੀਂ ਘਟਨਾ ਨਾਲ ਉਨ੍ਹਾਂ ਕਵੀਆਂ ਨੂੰ ਵੀ ਬੜੀ ਹੈਰਾਨੀ ਹੋਈ, ਪਰ ਭੇਦ ਦੀ ਕਿਸੇ ਨੂੰ ਸਮਝ ਨਾ ਆਈ।

ਕੁਝ ਦੇਰ ਬਾਅਦ ਕਵੀ ਕਾਲੀਦਾਸ ਆਏ। ਰਾਜੇ ਨੇ ਉਨ੍ਹਾਂ ਨੂੰ ਵੀ 'ਮੂਰਖ' ਕਹਿ ਕੇ ਬੁਲਾਇਆ। ਕਾਲੀਦਾਸ ਬੜੇ ਹੈਰਾਨ ਹੋਏ? ਪਰ ਝਟ ਹੀ ਉਨ੍ਹਾਂ ਨੇ ਸੰਸਕ੍ਰਿਤ ਦੀ ਕਵਿਤਾ ਵਿਚ ਪੁਛ ਲਿਆ। ਕਵਿਤਾ ਦਾ ਅਰਥ ਹੇਠ ਲਿਖੇ ਅਨੁਸਾਰ ਸੀ—

'ਰਾਜਾ ਭੋਜ! ਨਾ ਤਾਂ ਮੈਂ ਰਾਹ ਵਿਚ ਖਾਂਦਾ ਤੁਰਦਾ ਹਾਂ, ਨਾ ਮੈਂ ਆਪੇ ਗੱਲ ਕਰ ਕੇ ਆਪ ਹੀ ਉਸ ਉਪਰ ਹਸਦਾ ਹਾਂ, ਨਾ ਬੀਤੀ ਗੱਲ ਦਾ ਅਫ਼ਸੋਸ ਕਰਦਾ ਹਾਂ, ਨਾ ਆਪਣੇ ਕੀਤੇ ਕੰਮ ਉਪਰ ਘੁਮੰਡ ਕਰਦਾ ਹਾਂ ਅਤੇ ਨਾ ਹੀ ਆਪਸ ਵਿਚ ਗੱਲਾਂ ਕਰਦੇ ਦੋ ਆਦਮੀਆਂ ਪਾਸ ਖੜਾ ਹੁੰਦਾ ਹਾਂ। ਫੇਰ ਮੈਂ ਮੂਰਖ ਕਿਵੇਂ ?'

ਇਹ ਸੁਣਦਿਆਂ ਹੀ ਰਾਜੇ ਨੂੰ ਸਮਝ ਆ ਗਈ ਕਿ ਰਾਣੀ ਨੇ ਕਿਉਂ 'ਮੂਰਖ' ਕਿਹਾ ਸੀ। ਕਿਉਂਕਿ ਰਾਣੀ ਉਸ ਸਮੇਂ ਸਹੇਲੀ ਨਾਲ ਗੱਲਾਂ ਕਰ ਰਹੀ ਸੀ। ਰਾਜੇ ਨੇ ਖ਼ੁਸ਼ ਹੋ ਕੇ ਇਨਾਮ ਆਦਿਕ ਦੇ ਕੇ ਕਾਲੀਦਾਸ ਦਾ ਸਨਮਾਨ ਕੀਤਾ।

* * *

ਇਕ ਦਿਨ ਰਾਜਾ ਭੋਜ ਕਾਲੀਦਾਸ ਨਾਲ ਬਾਗ਼ ਵਿਚ ਟਹਿਲ ਰਹੇ ਸਨ। ਉਸੇ ਵੇਲੇ ਮਣੀਭਦਰ ਨਾਂ ਦਾ ਵਿਦਵਾਨ ਵੀ ਆ ਪਹੁੰਚਿਆ। ਉਹ ਵੀ ਉਨ੍ਹਾਂ ਦੇ ਨਾਲ ਹੀ ਘੁੰਮਣ ਲਗ ਪਿਆ। ਰਾਜੇ ਭੋਜ ਦੇ ਸੱਜੇ ਹੱਥ ਕਾਲੀਦਾਸ ਤੇ ਖੱਬੇ ਹੱਥ ਵਲ ਮਣੀਭਦਰ ਸਨ। ਕੁਝ ਦੇਰ ਘੁੰਮਦਿਆਂ ਮਣੀਭਦਰ ਨੂੰ ਸ਼ਰਾਰਤ ਸੁਝੀ। ਉਸ ਨੇ ਕਾਲੀਦਾਸ ਦਾ ਅਪਮਾਨ ਕਰਨ ਦੇ ਵਿਚਾਰ ਨਾਲ ਖੱਬੇ ਹੱਥ ਦੀ ਪ੍ਰਸੰਸਾ ਵਿਚ ਇਕ ਕਵਿਤਾ ਬੋਲੀ, ਜਿਸ ਦਾ ਅਰਥ ਇਹ ਸੀ —

'ਇਹ ਖੱਬਾ ਹੱਥ ਲੜਾਈ ਦੇ ਮੈਦਾਨ ਵਿਚ ਦੁਸ਼ਮਣ ਦਾ ਸਿਰ ਫੜਦਾ ਹੈ। ਮੂੰਹ-ਜ਼ੋਰ ਘੋੜੇ ਨੂੰ ਖਿਚ ਕੇ ਰੋਕਦਾ ਹੈ। ਢਾਲ ਅਤੇ ਧਨੁਸ਼ ਲੈ ਕੇ ਮੈਦਾਨ ਵਿਚ ਹਮੇਸ਼ਾ ਅਗੇ ਵਧਦਾ ਹੈ। ਪਰ ਜੂਆ ਖੇਡਣਾ, ਚੋਰੀ ਕਰਨਾ, ਔਰਤ ਨੂੰ ਗਲੇ ਲਗਾਉਣਾ ਅਤੇ ਸੌਂਹ ਖਾਣਾ ਬਿਲਕੁਲ ਨਹੀਂ ਜਾਣਦਾ।'

ਅਜੇ ਤਕ ਮਣੀਭਦਰ ਨੇ ਆਪਣੀ ਕਵਿਤਾ ਦੇ ਤਿੰਨ ਪਦ ਹੀ ਬੋਲੇ ਸਨ। ਪਰ ਕਾਲੀਦਾਸ ਉਸ ਦਾ ਮਤਲਬ ਝਟ ਹੀ ਤਾੜ ਗਏ, ਹਸ ਕੇ ਚੌਥਾ ਪਦ ਆਪ ਹੀ ਬੋਲ ਉਠੇ।

ਉਸ ਚੌਥੇ ਪਦ ਦਾ ਮਤਲਬ ਇਹ ਸੀ – "ਹਾਂ ਭਾਈ ! ਤੇਰਾ ਕਹਿਣਾ ਠੀਕ ਹੀ ਹੈ। ਪਰ ਰੱਬ ਨੇ ਇਸ ਖੱਬੇ ਹੱਥ ਨੂੰ ਦਾਨ ਦੇਣ ਦੇ ਕੰਮ ਤੋਂ ਅਯੋਗ ਜਾਣ ਕੇ ਇਸ ਦੇ ਜ਼ਿੰਮੇ ਹੱਥ-ਪਾਣੀ ਕਰਨ ਦਾ ਕੰਮ ਸੌਂਪ ਦਿਤਾ ਹੈ।"

ਕਾਲੀਦਾਸ ਦਾ ਇਹ ਅਚੰਭੇ ਭਰਿਆ ਜੁਆਬ ਸੁਣ ਕੇ ਰਾਜਾ ਭੋਜ ਖ਼ੂਬ ਹਸਿਆ ਅਤੇ ਮਣੀਭਦਰ ਬਹੁਤ ਸ਼ਰਮਿੰਦਾ ਹੋਇਆ।

* * *

ਕਾਲੀਦਾਸ ਸਿਰਫ਼ ਕਵੀ ਹੀ ਨਹੀਂ ਸੀ ਸਗੋਂ ਬਹੁਤ ਤਰਸ ਕਰਨ ਵਾਲਾ ਸੀ। ਮੌਕਾ ਪੈਣ ਤੇ ਉਹ ਰਾਜੇ ਦੇ ਦਰਬਾਰ ਵਿਚ ਦੂਜੇ ਲੋੜਵੰਦਾਂ ਦੀ ਮਦਦ ਕਰਦੇ ਸਨ।

ਇਕ ਵਾਰੀ ਇਕ ਗ਼ਰੀਬ ਬ੍ਰਾਹਮਣ ਗੰਨੇ ਦੇ ਟੁਕੜਿਆਂ ਦੀ ਇਕ ਛੋਟੀ ਜਿਹੀ ਪੋਟਲੀ ਲੈ ਕੇ ਰਾਜਾ ਭੋਜ ਦੇ ਦਰਸ਼ਨ ਕਰਨ ਲਈ ਧਾਰਾ ਵਲ ਚਲਿਆ। ਰਾਹ ਵਿਚ ਰਾਤ ਪੈਣ ਕਰ ਕੇ ਉਹ ਇਕ ਥਾਂ ਸੌਂ ਗਿਆ। ਕਿਸੇ ਭੈੜੇ ਮਨੁੱਖ ਨੇ ਉਸ ਨੂੰ ਸੁੱਤਾ ਦੇਖ ਕੇ ਗੰਨੇ ਦੇ ਸਾਰੇ ਟਕੜੇ ਵਿਚੋਂ ਕਢ ਲਏ ਤੇ ਉਨ੍ਹਾਂ ਦੀ ਥਾਂ ਸੁਕੀਆਂ ਲਕੜਾਂ ਦੇ ਟੁਕੜੇ ਉਸ ਵਿਚ ਬੰਨ੍ਹ ਦਿਤੇ। ਦੂਜੇ ਦਿਨ ਬ੍ਰਾਹਮਣ ਨੇ ਬਿਨਾਂ ਜਾਨਣ ਤੋਂ ਇਹ ਪੋਟਲੀ ਚੁਕ ਲਈ ਤੇ ਧਾਰਾ ਵਲ ਤੁਰ ਪਿਆ। ਦਰਬਾਰ ਵਿਚ ਪਹੁੰਚ ਕੇ ਪੋਟਲੀ ਰਾਜੇ ਦੀ ਭੇਟ ਕੀਤੀ। ਪਰ ਪੋਟਲੀ ਖੋਲ੍ਹਣ ਤੇ


ਉਸ ਵਿਚ ਸੁੱਕੀਆਂ ਲੱਕੜਾਂ ਦੇਖ ਕੇ ਬ੍ਰਾਹਮਣ ਡਰ ਗਿਆ ਅਤੇ ਰਾਜਾ ਗ਼ੁੱਸੇ ਹੋ ਗਿਆ।

ਉਸ ਬ੍ਰਾਹਮਣ ਦੀ ਇਹ ਹਾਲਤ ਦੇਖ ਕੇ ਕਾਲੀਦਾਸ ਨੂੰ ਦਇਆ ਆ ਗਈ। ਉਨ੍ਹਾਂ ਨੇ ਬ੍ਰਾਹਮਣ ਦਾ ਪਖ ਲੈਂਦਿਆਂ ਝਟ ਇਕ ਕਵਿਤਾ ਸੁਣਾ ਦਿਤੀ। ਉਸ ਕਵਿਤਾ ਦਾ ਆਸ਼ਾ ਇਹ ਸੀ। 'ਮਹਾਰਾਜ ! ਮਹਾਂਬਲੀ ਅਰਜਨ ਨੇ ਹਰੇ ਭਰੇ ਦਰਖਤਾਂ ਨਾਲ ਭਰਪੂਰ ਪਾਂਡਵ ਬਣ ਨੂੰ ਸਾੜ ਸੁੱਟਿਆ। ਅਤੇ ਮਹਾਂਬਲੀ ਹਨੂੰਮਾਨ ਨੇ ਸੋਨ ਦੀ ਲੰਕਾ ਸਾੜੀ। ਸ਼ੰਕਰ ਜੀ ਨੇ ਸਭ ਪ੍ਰਾਣੀਆਂ ਨੂੰ ਸੁਖ ਦੇਣ ਵਾਲੇ ਕਾਮਦੇਵ ਨੂੰ ਸਾੜਿਆ। ਪਰ ਉਨ੍ਹਾਂ ਦੇ ਇਹ ਕੰਮ ਠੀਕ ਤਾਂ ਨਹੀਂ ਹਨ ਮਹਾਰਾਜ ! ਮੈਂ ਤਾਂ ਮੰਨਾਂ ਜੇ ਕੋਈ ਸਭਨਾਂ ਲੋਕਾਂ ਨੂੰ ਸਤਾਉਣ ਵਾਲੀ ਗ਼ਰੀਬੀ ਨੂੰ ਸਾੜ ਸੁੱਟੇ।'

ਕਾਲੀਦਾਸ ਦੇ ਕਹਿਣ ਦਾ ਅਰਥ ਇਹ ਸੀ ਕਿ ਇਹ ਗ਼ਰੀਬ ਬ੍ਰਾਹਮਣ ਲੱਕੜੀ ਦੇ ਇਨ੍ਹਾਂ ਸੁੱਕੇ ਟੁਕੜਿਆਂ ਦੇ ਰੂਪ ਵਿਚ ਆਪਣੀ ਗ਼ਰੀਬੀ ਲੈ ਕੇ ਇਥੇ ਪੁਜਾ ਹੈ। ਮਹਾਰਾਜ ! ਮੈਂ ਤੁਹਾਨੂੰ ਤਾਂ ਜਾਣਾਂ ਜੇ ਇਸ ਗ਼ਰੀਬ ਦੀ ਗ਼ਰੀਬੀ ਤੁਸੀਂ ਖ਼ਤਮ ਕਰ ਦਿਓ। ਰਾਜਾ ਭੋਜ ਖ਼ੁਸ਼ ਹੋ ਗਿਆ। ਬਹੁਤ ਸਾਰਾ ਧਨ ਦੇ ਕੇ ਉਸ ਬ੍ਰਾਹਮਣ ਨੂੰ ਸੰਤੁਸ਼ਟ ਕਰ ਕੇ ਵਿਦਾ ਕੀਤਾ।

* * *

ਕਹਿੰਦੇ ਹਨ ਕਿ ਚੋਹੀਂ ਪਾਸੀਂ ਆਪਣੇ ਦਾਨ ਦੀ ਵਡਿਆਈ ਅਤੇ ਦਰਬਾਰੀ ਵਿਦਵਾਨਾਂ ਤੋਂ ਪ੍ਰਸੰਸਾ ਸੁਣਦੇ ਰਹਿਣ ਕਾਰਨ ਰਾਜਾ ਭੋਜ ਨੂੰ ਕੁਝ ਹੰਕਾਰ ਹੋ ਗਿਆ। ਉਸ ਦੇ ਇਸ ਹੰਕਾਰ ਦੀ ਗੱਲ ਦਾ ਇਕ ਬੁੱਢੇ ਵਜ਼ੀਰ ਨੂੰ ਪਤਾ ਲਗਾ। ਮੌਕਾ ਪਾ ਕੇ ਬੁੱਢੇ ਵਜ਼ੀਰ ਨ ਰਾਜਾ ਬਿਕ੍ਰਮਾਦਿਤ ਦੇ ਸਮੇਂ ਦਾ ਦਾਨ ਖਾਤਾ ਵਹੀ ਵਿਚੋਂ ਕਢ ਕੇ ਦਿਖਾ ਦਿਤਾ। ਉਸ ਵਹੀ ਵਿਚ ਜਿਹੜੀ ਦਾਨ ਦੀ ਰਕਮ ਲਿਖੀ ਹੋਈ ਸੀ, ਉਹ ਰਾਜਾ ਭੋਜ ਦੇ ਦਾਨ ਨਾਲੋਂ ਕਿਤੇ ਵਧ ਸੀ। ਇਹ ਦੇਖਦਿਆਂ ਹੀ ਰਾਜੇ ਭੋਜ ਦਾ ਸਾਰਾ ਹੰਕਾਰ ਖ਼ਤਮ ਹੋ ਗਿਆ।



ਰਾਜਾ ਭੋਜ ਅਤੇ ਗੁਜਰਾਤ ਦੇ ਰਾਜੇ ਭੀਮ ਨੇ ਆਪਸ ਵਿਚ ਲਿਖਾ-ਪੜ੍ਹੀ ਕਰ ਕੇ ਕੁਝ ਨਿਯਮ ਬਣਾ ਲਏ ਸਨ। ਪਰ ਇਕ ਵਾਰ ਰਾਜਾ ਭੋਜ ਨੇ ਉਨ੍ਹਾਂ ਨਿਯਮਾਂ ਦੀ ਪ੍ਰਵਾਹ ਨਾ ਕਰਦਿਆਂ ਗੁਜਰਾਤ ਵਾਲਿਆ ਦੀ ਸੂਝ-ਬੂਝ ਦੀ ਪ੍ਰੀਖਿਆ ਲੈਣੀ ਚਾਹੀ। ਉਨ੍ਹਾਂ ਨੇ ਪੱਤਰ ਵਿਚ ਲਿਖ ਭੇਜਿਆ —

"ਜਿਸ ਦੀ ਗੁਫ਼ਾ ਦੇ ਦਰਵਾਜ਼ੇ ਉਪਰ ਵੱਡੇ ਵੱਡੇ ਹਾਥੀਆਂ ਦੇ ਸਿਰ ਚੀਰੇ ਗਏ ਹੋਣ, ਇਹੋ ਜਿਹੇ ਬਲਵਾਨ ਸ਼ੇਰ ਦੀ ਹਿਰਨਾਂ ਨਾਲ ਨਾ ਦੁਸ਼ਮਨੀ ਹੀ ਹੁੰਦੀ ਹੈ ਅਤੇ ਨਾ ਦੋਸਤੀ ਹੀ।"

ਭੋਜ ਦੀ ਇਸ ਘੁਮੰਡ-ਭਰੀ ਚਿੱਠੀ ਨੂੰ ਪੜ੍ਹ ਕੇ ਰਾਜੇ ਭੀਮ ਨੇ ਆਪਣੇ ਦਰਬਾਰੀ ਵਿਦਵਾਨ ਗੋਬਿੰਦਆਚਾਰੀਆ ਨੂੰ ਇਸ ਦਾ ਉਤਰ ਲਿਖ ਕੇ ਭੇਜਣ ਲਈ ਕਿਹਾ, ਗੋਬਿੰਦੀਆਚਾਰੀਆ ਨੇ ਇਹ ਉੱਤਰ ਲਿਖਿਆ —

"ਧ੍ਰਿਤਰਾਸ਼ਟਰ ਦੇ ਸੌ ਪੁੱਤਰਾਂ ਦੇ ਕਾਲ ਰੂਪ ਭੀਮ ਨੂੰ ਬ੍ਰਹਮਾ ਨੇ ਪੈਦਾ ਕੀਤਾ। ਭੀਮ ਨੇ ਆਪਣੇ ਸੌ ਭਰਾਵਾਂ ਨੂੰ ਵੀ ਨਹੀਂ

ਗਿਣਿਆ, ਤਦ ਉਸ ਦੇ ਲਈ ਤੇਰੇ ਵਰਗੇ ਇਕ ਆਦਮੀ ਦੀ ਕੀ ਗਿਣਤੀ ਹੈ ?"

ਇਹ ਕਰਾਰਾ ਉਤਰ ਪੜ੍ਹ ਕੇ ਭੋਜ ਚੁੱਪ ਹੋ ਰਿਹਾ।

ਇਕ ਵਾਰ ਕਵੀ ਰਾਜ ਸ਼ੇਖਰ ਆਪਣੀ ਗ਼ਰੀਬੀ ਦੇ ਦਿਨਾਂ ਵਿਚ ਪ੍ਰਵਾਰ ਸਮੇਤ ਉਜੈਨੀ ਵਿਚ ਮਹਾਂਕਾਲ ਦੇ ਮੰਦਰ ਵਿਚ ਸੁਤਾ ਹੋਇਆ ਸੀ, ਸਭ ਭੁੱਖੇ ਸਨ। ਰਾਤ ਨੂੰ ਉਸ ਦਾ ਲੜਕਾ ਭੁੱਖ ਤੋਂ ਵਿਆਕੁਲ ਹੋ ਕੇ ਰੋਣ ਲਗ ਪਿਆ। ਬੱਚੇ ਨੂੰ ਰੋਟੀ ਲਈ ਰੋਂਦਿਆਂ ਦੇਖ ਸ਼ੇਖਰ ਨੇ ਆਪਣੀ ਪਤਨੀ ਨੂੰ ਕਿਹਾ – "ਪਿਆਰੀ ਸਮਝਦਾਰ ਪਤਨੀ! ਇਨ੍ਹਾਂ ਬੱਚਿਆਂ ਨੂੰ ਕੁਝ ਨਾ ਕੁਝ ਖੁਆ–ਪਿਲਾ ਕੇ ਕਿਸੇ ਤਰ੍ਹਾਂ ਗਰਮੀ ਦਾ ਮੌਸਮ ਲੰਘਾ ਦੇ। ਫੇਰ ਬਰਸਾਤ ਵਿਚ ਜਦੋਂ ਤੁੰਬੀ, ਕੱਦੂ, ਕੱਕੜੀ ਆਦਿਕ ਫਲ ਲਗ ਜਾਣਗੇ ਤਾਂ ਅਸੀਂ ਰਾਜਿਆਂ ਤੋਂ ਵੀ ਵਧ ਸੁਖੀ ਹੋ ਜਾਵਾਂਗੇ।"

ਸੰਜੋਗ ਨਾਲ ਉਸ ਸਮੇਂ ਰਾਜਾ ਭੋਜ ਭੇਸ ਬਦਲ ਕੇ ਉਥੇ ਘੁੰਮ ਰਿਹਾ ਸੀ। ਉਸ ਨੇ ਕਵੀ ਦੀ ਗ਼ਰੀਬੀ ਦੇਖ ਕੇ ਉਸ ਨੂੰ ਏਨਾ ਧਨ ਦਿਤਾ ਕਿ ਉਹ ਅਮੀਰ ਹੋ ਗਿਆ। ਇਸ ਗੱਲ ਦੀ ਵਡਿਆਈ ਵਿਚ ਕਵੀ ਨੇ ਇਕ ਸਲੋਕ ਲਿਖਿਆ। ਜਿਸ ਦਾ ਮਤਲਬ ਇਹ ਹੈ —

"ਜਿਸ ਸੁਕੇ ਹੋਏ ਤਲਾ ਦੇ ਚਿੱਕੜ ਵਿਚ ਰਹਿਣ ਵਾਲੇ ਡੱਡੂ ਮਰੀਅਲ ਜਿਹੇ ਹੋ ਰਹੇ ਸਨ, ਕੱਛੂ ਮਿੱਟੀ ਖੋਦ ਕੇ ਉਸ ਵਿਚ ਲੁਕ ਗਏ ਸਨ (ਪਾਣੀ ਨਾ ਹੋਣ ਕਰ ਕੇ) ਮੱਛੀਆਂ ਦਮ ਤੋੜ ਰਹੀਆਂ ਸਨ, ਉਸੇ ਤਲਾ ਉਪਰ ਬੇ–ਮੌਸਮ ਦੇ ਬਦਲ ਨੇ ਵਸ ਕੇ ਉਸ ਨੂੰ ਇਹੋ ਜਿਹਾ ਲਬਾਲਬ ਭਰ ਦਿਤਾ ਕਿ ਹਾਥੀਆਂ ਦੇ ਝੁੰਡ ਦੇ ਝੁੰਡ ਉਸ ਵਿਚ ਨਹਾਉਂਦੇ ਤੇ ਪਾਣੀ ਪੀਂਦੇ ਹਨ।

* * *

ਸੰਕਰਸ਼ਣ ਨਾਂ ਦਾ ਇਕ ਅਤਿਅੰਤ ਗ਼ਰੀਬ ਬ੍ਰਾਹਮਣ ਸੀ। ਉਸ ਦੀ ਇਸਤਰੀ ਬੜੀ ਪਤੀਬ੍ਰਤ ਸੀ। ਉਸ ਨੇ ਸਮਝਾ ਬੁਝਾ ਕੇ

ਬ੍ਰਾਹਮਣ ਨੂੰ ਕੁਝ ਕੰਮ ਕਰਨ ਲਈ ਤਿਆਰ ਕੀਤਾ।

ਬ੍ਰਾਹਮਣ ਨੇ ਸੋਚਿਆ – ਰਾਜਾ ਭੋਜ ਦੇ ਪਾਸ ਚਲੀਏ। ਕੁਝ ਨਾ ਕੁਝ ਮਿਲ ਹੀ ਜਾਵੇਗਾ। ਹੋਰ ਨਾ ਸਹੀ ਇਕ-ਅਧ ਮਝ, ਗਾਂ ਮਿਲ ਹੀ ਜਾਵੇਗੀ ; ਸਾਨੂੰ ਵਧ ਚਾਹੀਦਾ ਵੀ ਨਹੀਂ। ਬਾਲ-ਬੱਚਿਆਂ ਲਈ ਦੁੱਧ ਹੋ ਜਾਵੇਗਾ। ਅਸੀਂ ਦੋਵੇਂ ਜਣੇ, ਲਸੀ ਪੀ ਕੇ ਗੁਜ਼ਾਰਾ ਕਰ ਲਵਾਂਗੇ। ਪਰ ਖ਼ਾਲੀ ਹੱਥ ਤਾਂ ਰਾਜੇ ਪਾਸ ਜਾਣਾ ਨਹੀਂ ਚਾਹੀਦਾ, ਅਤੇ ਲੈ ਜਾਣ ਲਈ ਪਾਸ ਕੁਝ ਨਹੀਂ। ਆਖ਼ਰ ਉਸ ਨੂੰ ਇਕ ਬੇਲ ਕਿਤੋਂ ਮਿਲ ਗਿਆ, ਉਹ ਉਸ ਨੂੰ ਹੀ ਲੈ ਕੇ ਧਾਰਾ ਨਗਰ ਵਲ ਤੁਰ ਪਿਆ।

ਪਰ ਜਦੋਂ ਭੋਜ ਦੇ ਦਰਬਾਰ ਵਿਚ ਕਾਲੀਦਾਸ ਆਦਿਕ ਚੌਦਾਂ ਸੌ ਪੰਡਤਾਂ ਨੂੰ ਬੈਠਿਆਂ ਦੇਖਿਆ ਤਾਂ ਕੁਝ ਘਬਰਾ ਗਿਆ। ਰਾਜ ਦਰਬਾਰ ਵਿਚ ਉਹ ਪਹਿਲੀ ਵਾਰ ਆਇਆ ਸੀ। ਕੁਝ ਦੇਰ ਬਾਅਦ, ਹਿੰਮਤ ਕਰ ਕੇ ਉਹ ਰਾਜੇ ਦੇ ਸਾਹਮਣੇ ਗਿਆ ਅਤੇ ਰਾਜੇ ਨੂੰ ਅਸ਼ੀਰਵਾਦ ਦਿਤੀ।

ਰਾਜਾ ਭੋਜ ਉਸ ਦੇ ਰੰਗ-ਢੰਗ ਤੋਂ ਹੀ ਸਮਝ ਗਿਆ ਕਿ ਇਹ ਬ੍ਰਾਹਮਣ ਦੇਵਤਾ ਪਹਿਲੀ ਵਾਰ ਹੀ ਆਏ ਹਨ। ਇਸ ਲਈ ਰਾਜੇ ਭੋਜ ਨੇ ਪੁੱਛਿਆ. "ਸੁਣਾਓ ਬ੍ਰਾਹਮਣ ਦੇਵਤਾ, ਕਿਥੋਂ ਆਏ ਹੋ ?"

ਬ੍ਰਾਹਮਣ ਨੇ ਉਤਰ ਦਿਤਾ – "ਕੈਲਾਸ਼ ਤੋਂ ਆਇਆ ਹਾਂ, ਮਹਾਰਾਜ !"

"ਰਾਜੇ ਨੇ ਪ੍ਰਸ਼ਨ ਕੀਤਾ – "ਭਗਵਾਨ ਸ਼ੰਕਰ ਤਾਂ ਰਾਜ਼ੀ ਖ਼ੁਸ਼ੀ ਹਨ ?"

ਬ੍ਰਾਹਮਣ ਨੇ ਰੋਣਾ ਜਿਹਾ ਮੂੰਹ ਬਣਾ ਕੇ ਕਿਹਾ – "ਮਹਾਰਾਜ, ਕੀ ਪੁੱਛਦੇ ਹੋ, ਉਹ ਤਾਂ ਚਲ ਬਸੇ।"

ਇਹ ਸੁਣ ਕੇ ਰਾਜੇ ਨੂੰ ਬੜੀ ਹੈਰਾਨੀ ਹੋਈ – ਉਹ ਕਹਿਣ ਲਗੇ – "ਭਲਾ ਸ਼ੰਕਰ ਭਗਵਾਨ ਦੀ ਮਿਰਤੂ ਕਿਵੇਂ ਹੋ ਸਕਦੀ ਹੈ, ਉਹ ਤਾਂ ਕਾਲ ਦੇ ਵੀ ਕਾਲ ਹਨ ?"

ਬ੍ਰਾਹਮਣ ਨੇ ਕਿਹਾ – "ਤੁਸੀਂ ਵਿਸ਼ਵਾਸ ਕਰੋ। ਮੈਂ ਤੁਹਾਡੇ ਸਾਹਮਣੇ ਸ਼ੰਕਰ ਦੀ ਮੌਤ ਦਾ ਸਬੂਤ ਪੇਸ਼ ਕਰਾਂਗਾ। ਉਨ੍ਹਾਂ ਦੇ ਘਰ ਦੀ ਹਾਲਤ ਸੁਣੋ। ਸ਼ੰਕਰ ਜੀ ਦਾ ਅੱਧਾ ਸਰੀਰ ਤਾਂ ਵਿਸ਼ਨੂੰ ਭਗਵਾਨ ਜੀ ਨੇ ਚੁਰਾ ਲਿਆ, ਅਤੇ ਬਾਕੀ ਅੱਧਾ ਪਾਰਬਤੀ ਨੇ। ਉਨ੍ਹਾਂ ਦੇ ਸਿਰ ਉਪਰ ਜਿਹੜੀ ਭਗਵਤੀ ਗੰਗਾ ਸੀ, ਉਹ ਸਾਗਰ ਵਿਚ ਚਲੀ ਗਈ, ਚੰਦਰਮਾ ਦੀ ਕਲਾ ਆਕਾਸ਼ ਵਿਚ ਜਾ ਪਹੁੰਚੀ । ਅਤੇ ਮਹਾਰਾਜ, ਨਾਗ ਨਾਥ, ਸਮ ਨਾਥ ਜਿਹੜੇ ਹਨ, ਉਹ ਸਭ ਪਤਾਲ ਵਿਚ ਚਲੇ ਗਏ। ਭਗਵਾਨ ਸ਼ੰਕਰ ਦੀਆਂ ਦੋ ਖ਼ਾਸ ਗੱਲਾਂ ਸਨ, ਇਕ ਤ੍ਰਿਲੋਕੀ ਦੀ ਹਕੂਮਤ ਉਹ ਕਰਦੇ ਸਨ ਅਤੇ ਸਭ ਕੁਝ ਜਾਣਦੇ ਸਨ, ਇਹ ਦੋਵੇਂ ਗੱਲਾਂ ਤੁਹਾਡੇ ਵਿਚ ਆ ਗਈਆਂ। ਬਸ, ਹੁਣ ਉਨ੍ਹਾਂ ਦੀ ਇਕ ਹੀ ਚੀਜ਼ ਬਾਕੀ ਰਹਿ ਜਾਂਦੀ ਹੈ – ਭਿਖ-ਮੰਗਣੀ – ਉਹ ਮੇਰੇ ਪਲੀ ਪਈ ਮਹਾਰਾਜ !"

ਸੰਕਰਸ਼ਣ ਦੀ ਇਸ ਸੂਝ-ਬੂਝ ਭਰੀ ਗੱਲ ਨੂੰ ਸੁਣ ਰਾਜਾ ਬਹੁਤ ਖ਼ੁਸ਼ ਹੋਇਆ। ਉਸ ਨੇ ਬ੍ਰਾਹਮਣ ਨੂੰ ਕਿਹਾ – "ਬ੍ਰਾਹਮਣ ਦੇਵ, ਤੁਹਾਡੀ ਜੋ ਇੱਛਾ ਹੋਵੇ ਸੋ ਮੰਗੋ। ਮੂੰਹ ਮੰਗੀ ਚੀਜ਼ ਦੇਵਾਂਗਾ।"

ਬ੍ਰਾਹਮਣ ਨੇ ਸੋਚ-ਵਿਚਾਰ ਕੇ ਕਿਹਾ – "ਮਹਾਰਾਜ, ਮੈਂ ਬਹੁਤ ਗ਼ਰੀਬ ਹਾਂ। ਪੇਟ ਭਰ ਕੇ ਭੋਜਨ ਵੀ ਨਸੀਬ ਨਹੀਂ ਹੁੰਦਾ। ਘਰ ਵਿਚ ਛੋਟੇ-ਛੋਟੇ ਬੱਚੇ ਹਨ। ਉਨ੍ਹਾਂ ਨੂੰ ਦੁੱਧ ਤਕ ਨਹੀਂ ਮਿਲਦਾ। ਤੁਸੀਂ ਕੋਈ ਚੰਗੀ ਜਿਹੀ ਦੁਧਾਰ ਗਊ-ਮੱਝ ਦੁਆ ਦਿਓ, ਪ੍ਰਮਾਤਮਾ ਤੁਹਾਡਾ ਭਲਾ ਕਰੇਗਾ।"

ਰਾਜੇ ਨੇ ਉਸੇ ਵੇਲੇ ਮੰਤਰੀ ਨੂੰ ਕਿਹਾ ਕਿ ਇਸ ਨੂੰ ਦੁੱਧ ਦੇਣ ਵਾਲੀ ਚੰਗੀ ਜਿਹੀ ਮਝ ਦੇ ਦਿਓ। ਮੰਤਰੀ ਨੇ ਹੇਠਲੇ ਨੌਕਰਾਂ ਨੂੰ ਕਿਹਾ। ਉਹ ਨੌਕਰ ਸ਼ੈਤਾਨ ਨਿਕਲੇ। ਉਨ੍ਹਾਂ ਨੇ ਇਕ ਇਹੋ ਜਿਹੀ ਮਝ ਲਿਆ ਉਸ ਬ੍ਰਾਹਮਣ ਨੂੰ ਦਿਤੀ, ਜਿਹੜੀ ਕਦੀ ਵੀ ਸੂਈ ਨਹੀਂ ਸੀ। ਉਹ ਦੇਖਣ ਵਿਚ ਮੋਟੀ-ਤਾਜ਼ੀ ਸੀ, ਪਰ ਸੀ ਬੁੱਢੀ।

ਬ੍ਰਾਹਮਣ ਨੇ ਉਸ ਮਝ ਨੂੰ ਧਿਆਨ ਨਾਲ ਦੇਖਿਆ ਤੇ ਸਭ ਕੁਝ

ਸਮਝ ਗਿਆ।

ਫੇਰ ਉਹ ਬ੍ਰਾਹਮਣ ਉਸ ਮਝ ਦੇ ਪਾਸ ਗਿਆ ਅਤੇ ਉਸ ਦੇ ਕੰਨ ਨਾਲ ਮੂੰਹ ਲਾ ਕੇ ਕੁਝ ਗੁਣਗੁਣਾਉਣ ਲਗਾ। ਫੇਰ ਉਸ ਦੇ ਮੂੰਹ ਨਾਲ ਆਪਣਾ ਕੰਨ ਲਗਾਇਆ ਅਤੇ ਥੋੜੀ ਦੇਰ ਬਾਅਦ ਵਾਪਸ ਆ ਗਿਆ।




ਬ੍ਰਾਹਮਣ ਨੂੰ ਇਹ ਕੁਝ ਕਰਦਿਆਂ ਦੇਖ ਰਾਜਾ ਬੜਾ ਹੈਰਾਨ ਹੋਇਆ। ਉਸ ਨੇ ਬ੍ਰਾਹਮਣ ਨੂੰ ਪੁੱਛਿਆ – "ਇਹ ਤੁਸੀਂ ਕੀ ਕੀਤਾ ਹੈ ? ਮੈਨੂੰ ਵੀ ਸਮਝਾਓ।"

ਬ੍ਰਾਹਮਣ ਨੇ ਬੜੀ ਚਤਰਾਈ ਨਾਲ ਉੱਤਰ ਦਿਤਾ – "ਮਹਾਰਾਜ, ਮੈਂ ਦੇਖਿਆ ਕਿ ਇਸ ਦੇ ਕੋਈ ਬੱਚਾ ਨਹੀਂ ਹੈ ਤਾਂ ਇਸ ਨੂੰ ਪੁੱਛਿਆ ਕਿ ਕੀ ਤੂੰ ਗਰਭਵਤੀ ਹੈਂ ?" ਤਦ ਉਸ ਨੇ ਉੱਤਰ ਦਿਤਾ – "ਮੇਰੇ ਪਤੀ ਮਹਿਸ਼ਾਸੁਰ ਸਤਿਜੁਗ ਵਿਚ ਦੁਰਗਾ ਦੇਵੀ ਨੇ ਮਾਰ ਦਿਤਾ ਹੈ। ਤਦ ਤੋਂ ਅਜ ਤਕ ਮੈਂ ਵਿਧਵਾ-ਧਰਮ

ਦਾ ਪਾਲਣ ਕਰ ਰਹੀ ਹਾਂ। ਹੁਣ ਤਾਂ ਮੇਰੇ ਦੰਦ ਵੀ ਝੜਨ ਲਗ ਪਏ ਹਨ ਅਤੇ ਥਣ ਵੀ ਢਿਲੇ ਪੈ ਗਏ ਹਨ। ਮੈਂ ਬੁੱਢੀ ਹੋ ਚੁਕੀ ਹਾਂ। ਇਸ ਹਾਲਤ ਵਿਚ ਵੀ ਤੂੰ ਮੈਨੂੰ ਪੁੱਛ ਰਿਹਾ ਹੈਂ ਕਿ ਮੈਂ ਗਰਭਵਤੀ ਹਾਂ ਕਿ ਨਹੀਂ, ਤੈਨੂੰ ਸ਼ਰਮ ਨਹੀਂ ਆਉਂਦੀ।"

ਬ੍ਰਾਹਮਣ ਦੀ ਸਿਆਣਪ ਤੋਂ ਰਾਜਾ ਬਹੁਤ ਖ਼ੁਸ਼ ਹੋਇਆ ਅਤੇ ਉਸ ਨੂੰ ਕਈ ਵਧੀਆ ਮਝਾਂ ਦਾਨ ਦਿਤੀਆਂ। ਆਪਣੇ ਉਨ੍ਹਾਂ ਨੌਕਰਾਂ ਨੂੰ ਸਜ਼ਾਵਾਂ ਦਿਤੀਆਂ, ਜਿਨ੍ਹਾਂ ਨੇ ਜਾਣ-ਬੁਝ ਕੇ ਬੁੱਢੀ ਮਝ ਲਿਆਂਦੀ ਸੀ।

* * *

ਅਮਰਾਵਤੀ ਨਗਰੀ ਵਿਚ ਇਕ ਬ੍ਰਾਹਮਣ ਪਰਵਾਰ ਰਹਿੰਦਾ ਸੀ। ਬੜਾ ਵਿਦਵਾਨ ਪਰ ਬੜਾ ਹੀ ਗ਼ਰੀਬ। ਉਸ ਪਰਵਾਰ ਵਿਚ ਸਿਰਫ਼ ਚਾਰ ਜੀਅ ਸਨ। ਬ੍ਰਾਹਮਣ, ਉਸ ਦੀ ਪਤਨੀ, ਪੁੱਤਰ ਅਤੇ ਨੂੰਹ। ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਰਾਜਾ ਭੋਜ ਵਿਦਵਾਨਾਂ ਦੀ ਕਦਰ ਕਰਦਾ ਹੈ ਅਤੇ ਮੂੰਹੋਂ-ਮੰਗੀਆ ਚੀਜ਼ਾਂ ਦੇਂਦਾ ਹੈ, ਤਾਂ ਉਹ ਚਾਰੇ ਰਾਜੇ ਭੋਜ ਦੇ ਨਗਰੀ ਧਾਰਾ ਵਲ ਤੁਰ ਪਏ।

ਧਾਰਾ ਨਗਰੀ ਤੋਂ ਕੁਝ ਦੂਰ ਉਨ੍ਹਾਂ ਨੂੰ ਇਕ ਬ੍ਰਾਹਮਣ ਮਿਲਿਆ। ਉਸ ਬ੍ਰਾਹਮਣ ਨੇ ਪੁੱਛਿਆ – "ਕਿਥੇ ਜਾ ਰਹੇ ਹੋ ਭਾਈ ?"

ਉੱਤਰ ਮਿਲਿਆ – "ਸਾਰੇ ਵੇਦ-ਸ਼ਾਸਤਰਾਂ ਨੂੰ ਜਾਨਣ ਵਾਲੇ ਰਾਜੇ ਭੋਜ ਦੇ ਪਾਸ ਅਸੀਂ ਜਾ ਰਹੇ ਹਾਂ।"

ਬ੍ਰਾਹਮਣ ਨੇ ਕਿਹਾ – "ਬਿਲਕੁਲ ਝੂਠੀ ਗੱਲ ਹੈ। ਉਹ ਤਾਂ ਬਿਲਕੁਲ ਪੜ੍ਹਨਾ-ਲਿਖਣਾ ਨਹੀਂ ਜਾਣਦਾ। ਜੇ ਜਾਣਦਾ ਹੁੰਦਾ ਤਾਂ ਮੇਰੇ ਮੱਥੇ ਵਿਚ ਜਿੰਨਾ ਲਿਖਿਆ ਸੀ, ਉਸ ਤੋਂ ਵਧੇਰੇ ਧਨ ਉਹ ਮੈਨੂੰ ਨਾ ਦੇਂਦਾ।"

ਇਹ ਕਹਿ ਕੇ ਬ੍ਰਾਹਮਣ ਚਲਾ ਗਿਆ। ਉਸ ਦੀ ਸੁਣ ਕੇ ਉਹ ਚਾਰੇ ਮਨ ਹੀ ਮਨ ਵਿਚ ਬਹੁਤ ਖ਼ੁਸ਼ ਹੋਏ। ਧਾਰਾ

ਨਗਰੀ ਦੇ ਬਾਹਰ ਇਕ ਪਿੱਪਲ ਦੇ ਹੇਠਾਂ ਡੇਰਾ ਲਾ ਲਿਆ ਅਤੇ ਰਾਜੇ ਭੋਜ ਪਾਸ ਸੁਨੇਹਾ ਭੇਜਿਆ ਕਿ ਇਕ ਸਰਸਵਤੀ ਪਰਵਾਰ ਤੁਹਾਡੇ ਨਗਰ ਦੇ ਪਾਸ ਆਇਆ ਹੈ, ਜੇ ਹੁਕਮ ਹੋਵੇ ਤਾਂ ਨਗਰ ਵਿਚ ਦਾਖ਼ਲ ਹੋਈਏ।

ਸਰਸਵਤੀ ਪਰਵਾਰ ਦਾ ਨਾਂ ਸੁਣ ਕੇ ਰਾਜੇ ਭੋਜ ਨੇ ਸੋਚਿਆ ਕਿ ਪ੍ਰੀਖਿਆ ਲੈ ਕੇ ਦੇਖਾਂ ਕਿ ਸੱਚ ਮੁਚ ਇਹ ਪਰਵਾਰ ਸਰਸਵਤੀ ਪਰਵਾਰ ਕਹਾਉਣ ਯੋਗ ਹੈ ਕਿ ਨਹੀਂ।

ਰਾਜੇ ਨੇ ਇਕ ਗੜਵਾ ਦੁੱਧ ਦਾ ਨੱਕੋ-ਨੱਕ ਭਰ ਕੇ ਆਪਣੇ ਸਿਆਣੇ ਨੌਕਰ ਹੱਥ ਸਰਸਵਤੀ ਪਰਵਾਰ ਪਾਸ ਭੇਜਿਆ। ਨੌਕਰ ਨੇ ਉਸ ਦੁੱਧ ਦੇ ਗੜਵੇ ਨੂੰ ਬ੍ਰਾਹਮਣ ਦੇ ਹੱਥ ਦੇ ਕੇ ਕਿਹਾ ਕਿ ਰਾਜਾ ਜੀ ਨੇ ਤੁਹਾਡੇ ਲਈ ਭੇਜਿਆ ਹੈ।

ਬ੍ਰਾਹਮਣ ਰਾਜੇ ਦੀ ਸਿਆਣਪ ਨੂੰ ਤਾੜ ਗਿਆ। ਰਾਜੇ ਦਾ ਇਸ਼ਾਰਾ ਸੀ ਕਿ ਜਿਵੇਂ ਇਹ ਗੜਵਾ ਦੁੱਧ ਨਾਲ ਨੱਕੋ ਨੱਕ ਭਰਿਆ ਹੈ, ਉਸੇ ਤਰ੍ਹਾਂ ਹੀ ਮੇਰੀ ਧਾਰਾ ਨਗਰੀ ਮਨੁੱਖਾਂ ਨਾਲ ਭਰੀ ਹੈ ਅਤੇ ਹੁਣ ਉਸ ਵਿਚ ਕੋਈ ਜਗ੍ਹਾ ਖ਼ਾਲੀ ਨਹੀਂ।

ਬ੍ਰਾਹਮਣ ਨੇ ਉਸ ਦੁੱਧ ਦੇ ਭਰੇ ਗੜਵੇ ਵਿਚ ਖੰਡ ਪਾ ਦਿਤੀ ਅਤੇ ਜਿਹੜਾ ਨੌਕਰ ਉਸ ਨੂੰ ਲੈ ਕੇ ਆਇਆ ਸੀ, ਉਸ ਨੂੰ ਉਸੀ ਤਰ੍ਹਾਂ ਵਾਪਸ ਲਿਜਾਉਣ ਲਈ ਕਿਹਾ।

ਬ੍ਰਾਹਮਣ ਨੇ ਉਸ ਵਿਚ ਖੰਡ ਪਾ ਕੇ ਇਹ ਦਸਿਆ ਕਿ ਜਿਵੇਂ ਜਗ੍ਹਾ ਨਾ ਹੋਣ ਤੇ ਵੀ ਖੰਡ ਗੜਵੇ ਵਿਚ ਸਮਾ ਗਈ ਹੈ, ਉਸੀ ਤਰ੍ਹਾਂ ਅਸੀਂ ਵੀ ਧਾਰਾ ਨਗਰੀ ਵਿਚ ਸਮਾ ਸਕਾਂਗੇ।

ਨੌਕਰ ਨੇ ਸਾਰੀ ਗੱਲ ਰਾਜੇ ਨੂੰ ਸੁਣਾਈ। ਰਾਜਾ ਬ੍ਰਾਹਮਣ ਦੀ ਅਕਲ ਤੋਂ ਖ਼ੁਸ਼ ਹੋਇਆ। ਪਰ ਰਾਜੇ ਨੇ ਸੋਚਿਆ ਕਿ ਕੋਈ ਹੋਰ ਪ੍ਰੀਖਿਆ ਲੈਣੀ ਚਾਹੀਦੀ ਹੈ। ਇਹ ਸੋਚ, ਭੇਸ ਬਦਲ ਕੇ ਉਥੇ ਪਹੁੰਚਿਆ, ਜਿਥੇ ਸਰਸਵਤੀ ਪਰਵਾਰ ਠਹਿਰਿਆ ਹੋਇਆ ਸੀ। ਪੁੱਛਣ ਤੇ ਪਤਾ ਲਗਾ ਕਿ ਬ੍ਰਾਹਮਣ ਅਤੇ ਉਸ ਦਾ ਪੁੱਤਰ ਦੋਵੇਂ

ਤਲਾ ਉਪਰ ਇਸ਼ਨਾਨ-ਸੰਧਿਆ ਕਰਨ ਗਏ ਹਨ। ਰਾਜਾ ਵੀ ਉਥੇ ਪਹੁੰਚਾ।

ਉਹ ਤਲਾ ਕੰਢੇ ਸੰਧਿਆ ਕਰ ਰਹੇ ਬ੍ਰਾਹਮਣ ਦੇ ਪੁੱਤਰ ਪਾਸ ਜਾ ਬੈਠੇ ਅਤੇ ਬ੍ਰਾਹਮਣ ਦੇ ਪੁੱਤਰ ਨੂੰ ਦਿਖਾ ਦਿਖਾ ਕੇ ਬੁਕ ਭਰ-ਭਰ ਕੇ ਪਾਣੀ ਪੀਣ ਲਗੇ। ਉਸ ਦਾ ਮਤਲਬ ਇਹ ਸੀ ਕਿ ਅਗਸਤਯ



ਰਿਸ਼ੀ ਨੇ ਤਾਂ ਆਚਮਨ ਕਰਦਿਆਂ ਸਾਰਾ ਸਮੁੰਦਰ ਹੀ ਪੀ ਲਿਆ ਸੀ, ਤੁਸੀਂ ਇਸ ਤਲਾ ਦੇ ਪਾਣੀ ਨੂੰ ਹੀ ਪੀ ਦਿਖਾਓ ਤਾਂ ਜਾਣਾ।

ਬ੍ਰਾਹਮਣ ਦਾ ਪੁੱਤਰ ਸਾਰੀ ਗੱਲ ਸਮਝ ਗਿਆ। ਉਸ ਨੇ ਕੰਢੇ ਤੋਂ ਛੋਟੇ-ਛੋਟੇ ਪੱਥਰ-ਕੰਕਰ ਉਠਾਏ ਅਤੇ ਰਾਜੇ ਨੂੰ ਦਿਖਾ ਕੇ ਤਲਾ ਵਿਚ ਸੁੱਟ ਦਿਤੇ। ਇਹ ਦੇਖ ਕੇ ਰਾਜਾ ਬਹੁਤ ਖ਼ੁਸ਼ ਹੋਇਆ ਅਤੇ ਵਾਪਸ ਰਾਜ ਮਹੱਲ ਆ ਗਿਆ। ਪੱਥਰ-ਕੰਕਰ ਸੁੱਟ ਕੇ ਬ੍ਰਾਹਮਣ ਦੇ ਪੁੱਤਰ ਨੇ ਰਾਜੇ ਨੂੰ ਇਹ ਗੱਲ ਦੱਸੀ ਕਿ ਰਾਜਾ ਰਾਮ ਚੰਦਰ ਛਤਰੀ ਸਨ ਤੇ ਤੁਸੀਂ ਵੀ ਛਤਰੀ ਹੋ। ਉਨ੍ਹਾਂ ਨੇ ਤਾਂ ਸਮੁੰਦਰ ਉਪਰ ਪੱਥਰ

ਦੀਆਂ ਵੱਡੀਆਂ-ਵੱਡੀਆਂ ਸਿੱਲਾਂ ਤੈਰਾ ਦਿਤੀਆਂ, ਤੁਸੀਂ ਇਨ੍ਹਾਂ ਛੋਟੇ ਛੋਟੇ ਪੱਥਰਾਂ-ਕੰਕਰਾਂ ਨੂੰ ਤਰਾ ਕੇ ਦਸੋ ਤਾਂ ਜਾਣਾ।

ਰਾਜਾ ਇਸ ਉਤਰ ਨਾਲ ਉਸ ਪਰਵਾਰ ਦੀ ਸਿਆਣਪ ਅਤੇ ਚਤਰਾਈ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਦਾਨ-ਮਾਨ ਦੇ ਕੇ ਸੰਤੁਸ਼ਟ ਕੀਤਾ।

* * *

ਰਾਜਾ ਭੋਜ ਕਾਲੀਦਾਸ ਨੂੰ ਕਿੰਨਾ ਪਿਆਰ ਕਰਦੇ ਸਨ ਇਸਦਾ ਹੇਠ ਲਿਖੀ ਘਟਨਾ ਤੋਂ ਪਤਾ ਲਗੇਗਾ। ਇਕ ਵਾਰ ਰਾਜਾ ਭੋਜ ਤੇ ਕਾਲੀਦਾਸ ਵਿਚ ਮਨ ਮੁਟਾਵ ਹੋ ਗਿਆ। ਕਾਲੀਦਾਸ ਰਾਜੇ ਭੋਜ ਦੇ ਦਰਬਾਰ ਤੋਂ ਵਖਰੇ ਹੋ ਕੇ ਲੁਕ-ਛਿਪ ਕੇ ਰਹਿਣ ਲਗੇ। ਰਾਜਾ ਭੋਜ ਨੂੰ ਕਾਲੀਦਾਸ ਬਿਨਾਂ ਆਪਣਾ ਦਰਬਾਰ ਖ਼ਾਲੀ ਅਤੇ ਫਿੱਕਾ-ਫਿਕਾ ਲਗਦਾ, ਉਹ ਬੇਚੈਨ ਰਹਿਣ ਲਗੇ। ਕਾਲੀਦਾਸ ਨੂੰ ਮਿਲਣ ਲਈ ਉਨ੍ਹਾਂ ਦਾ ਦਿਲ ਤੜਫਣ ਲਗਾ। ਭੋਜ ਨੇ ਪਤਾ ਲਾਉਣ ਦਾ ਯਤਨ ਕੀਤਾ, ਪਰ ਕੋਈ ਪਤਾ ਨਾ ਲਗਾ। ਅੰਤ ਵਿਚ ਉਨ੍ਹਾਂ ਨੇ ਇਕ ਨਵੀਂ ਤਰਕੀਬ ਸੋਚੀ।

ਰਾਜੇ ਭੋਜ ਨੇ ਚਾਰੇ ਪਾਸੇ ਢੰਡੋਰਾ ਫਿਰਾਇਆ ਕਿ ਜੋ ਕੋਈ ਨਵਾਂ ਸਲੋਕ ਲਿਖ ਕੇ ਲਿਆਵੇਗਾ, ਉਸ ਨੂੰ ਇਕ ਲਖ ਰੁਪਿਆ ਇਨਾਮ ਦਿਤਾ ਜਾਵੇਗਾ। ਪਰ ਨਾਲ ਹੀ ਉਨ੍ਹਾਂ ਨੇ ਆਪਣੇ ਦਰਬਾਰ ਦੇ ਇਹੋ-ਜਿਹੇ ਤਿੰਨ ਪੰਡਤ ਵੀ ਸਿਖਾ-ਪੜ੍ਹਾ ਕੇ ਤਿਆਰ ਕਰ ਲਏ, ਜਿਨ੍ਹਾਂ ਵਿਚੋਂ ਇਕ ਤਾਂ ਕਿਸੇ ਸਲੋਕ ਨੂੰ ਇਕ ਵਾਰ ਸੁਣ ਕੇ ਹੀ ਯਾਦ ਕਰ ਲੈਂਦਾ, ਦੂਸਰਾ ਦੋ ਵਾਰ ਸੁਣ ਕੇ ਅਤੇ ਤੀਸਰਾ ਤਿੰਨ ਵਾਰ ਸੁਣ ਕੇ। ਫਲ ਸਰੂਪ ਜਦੋਂ ਵੀ ਕੋਈ ਨਵਾਂ ਸਲੋਕ ਲੈ ਕੇ ਆਉਂਦਾ, ਉਨ੍ਹਾਂ ਵਿਚੋਂ ਪਹਿਲਾਂ ਤਾਂ ਇਕੋ ਵਾਰ ਸੁਣ ਕੇ ਹੀ ਉਸ ਸਲੋਕ ਨੂੰ ਯਾਦ ਕਰ ਲੈਂਦਾ ਅਤੇ ਝਟ ਸੁਣਾ ਦੇਂਦਾ ਅਤੇ ਉਸ ਨੂੰ ਪੁਰਾਣਾ ਕਹਿ ਦੇਂਦਾ। ਇਸ ਤੋਂ ਬਾਅਦ ਵਾਰੀ-ਵਾਰੀ ਦੂਸਰਾ ਅਤੇ ਤੀਸਰਾ ਪੰਡਤ ਵੀ ਉਸ ਨੂੰ ਸੁਣਾ ਕੇ ਨਵੇਂ ਸਲੋਕ ਨੂੰ ਪੁਰਾਣਾ ਸਾਬਤ ਕਰ ਦੇਂਦੇ।

ਇਸ ਤਰ੍ਹਾਂ ਕੋਈ ਵੀ ਇਨਾਮ ਲੈਣ ਵਿਚ ਕਾਮਯਾਬ ਨਾ ਹੋਇਆ।

ਕਾਲੀਦਾਸ ਨੂੰ ਇਸ ਗੱਲ ਦਾ ਪਤਾ ਸੀ। ਉਸ ਨੇ ਰਾਜੇ ਭੋਜ ਨੂੰ ਚਿੜ੍ਹਾਉਣ ਦਾ ਵਿਚਾਰ ਬਣਾਇਆ। ਫਲ ਸਰੂਪ ਉਸ ਨੇ ਇਕ ਬੁੱਢੇ ਬ੍ਰਾਹਮਣ ਨੂੰ ਇਕ ਸਲੋਕ ਦੇ ਕੇ ਰਾਜ ਸਭਾ ਵਿਚ ਭੇਜਿਆ। ਸਲੋਕ ਦਾ ਅਰਥ ਹੇਠ ਲਿਖਿਆ ਸੀ –

"ਮਹਾਰਾਜ ਭੋਜ ! ਤੁਹਾਡਾ ਕਲਿਆਣ ਹੋਵੇ ! ਤੁਹਾਡੇ ਪਿਤਾ ਬੜੇ ਧਾਰਮਕ ਸਨ, ਇਹ ਸਾਰਾ ਸੰਸਾਰ ਜਾਣਦਾ ਹੈ, ਤੁਹਾਡੇ ਪਿਤਾ ਨੇ ਨੜਿੱਨਵੇਂ ਕਰੋੜ ਰਤਨ ਮੇਰੇ ਪਾਸੋਂ ਹੁਦਾਰ ਲਏ ਸਨ। ਇਸ ਸਚਾਈ ਨੂੰ ਤੁਹਾਡੇ ਦਰਬਾਰ ਦੇ ਸਾਰੇ ਪੰਡਤ ਜਾਣਦੇ ਹਨ। ਇਸ ਲਈ ਤੁਸੀਂ ਆਪਣੇ ਪਿਤਾ ਦਾ ਹੁਦਾਰ ਚੁਕਾ ਦਿਓ। ਜੇਕਰ ਤੁਹਾਡੇ ਪੰਡਤ ਇਸ ਸਚਾਈ ਤੋਂ ਮੁਕਰਨ ਤਾਂ ਤੁਸੀਂ ਇਸ ਸਲੋਕ ਦਾ ਰਚਨ ਹਾਰਾ ਮੈਨੂੰ ਸਮਝ ਕੇ, ਇਕ ਲਖ ਰੁਪਿਆ ਇਨਾਮ ਦਾ ਦਿਓ।

ਇਸ ਸਲੋਕ ਨੂੰ ਸੁਣ ਕੇ ਪੰਡਤਾਂ ਦੀ ਹੋਸ਼ ਗੁੰਮ ਹੋ ਗਈ। ਇਕ ਦੂਸਰੇ ਦਾ ਮੂੰਹ ਦੇਖਣ ਲਗੇ। ਜੇਕਰ ਸਲੋਕ ਨੂੰ ਪੁਰਾਣਾ ਕਹਿੰਦੇ ਹਨ ਤਾਂ ਰਾਜਾ ਭੋਜ ਨੜਿੱਨਵੇਂ ਕਰੋੜ ਰਤਨਾਂ ਦੇ ਕਰਜ਼ਦਾਰ ਬਣਦੇ ਹਨ। ਜੇ ਨਵਾਂ ਕਹਿੰਦੇ ਹਨ ਤਾਂ ਇਕ ਲਖ ਰੁਪਿਆ ਇਨਾਮ ਦੇਣਾ ਪਵੇਗਾ। ਪਰ ਰਾਜਾ ਭੋਜ ਉਸ ਸਲੋਕ ਦੇ ਅੰਦਰ ਦੀ ਚਤਰਾਈ ਸਮਝ ਗਏ ਅਤੇ ਮਨ ਹੀ ਮਨ ਜਾਣ ਗਏ ਕਿ ਇਸ ਸਲੋਕ ਦਾ ਰਚਨਹਾਰਾ ਕਾਲੀਦਾਸ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ। ਭੋਜ ਨੇ ਬ੍ਰਾਹਮਣ ਨੂੰ ਇਕ ਲਖ ਰੁਪਏ ਦੁਆ ਦਿਤੇ ਅਤੇ ਇਕੱਲ ਵਿਚ ਉਸ ਪਾਸੋਂ ਸਲੋਕ ਲਿਖਣ ਵਾਲੇ ਦਾ ਪਤਾ ਪੁਛ ਕੇ ਆਪ ਉਥੇ ਜਾ ਪਹੁੰਚੇ। ਦੇਖਿਆ ਤਾਂ ਉਹ ਆਦਮੀ ਆਪ ਹੀ ਕਾਲੀਦਾਸ ਸੀ। ਰਾਜਾ ਭੋਜ ਨੇ ਉਨ੍ਹਾਂ ਨੂੰ ਗਲੇ ਲਗਾਇਆ ਅਤੇ ਆਦਰ ਨਾਲ ਰਾਜ-ਸਭਾ ਵਿਚ ਲੈ ਗਏ।

* * * *

ਦਸਿਆ ਜਾ ਚੁਕਾ ਹੈ ਕਿ ਰਾਜਾ ਭੋਜ ਆਪ ਬਹੁਤ ਵਡੇ ਵਿਦਵਾਨ ਵੀ ਸਨ। ਉਨ੍ਹਾਂ ਨੇ ਰਾਜਿਆਂ ਵਾਲੇ ਭੋਗ-ਵਿਲਾਸੀ ਜੀਵਨ ਵਿਚ ਨਾ ਡੁਬ ਕੇ ਸਾਰਾ ਜੀਵਨ ਸਰਸਵਤੀ ਦੀ ਅਰਾਧਨਾ ਵਿਚ ਬਿਤਾਇਆ। ਫਲ ਸਰੂਪ ਉਨ੍ਹਾਂ ਨੇ ਕਈ ਵਿਸ਼ਿਆਂ ਉਪਰ ਕਈ ਗ੍ਰੰਥ ਲਿਖੇ। ਉਨ੍ਹਾਂ ਦੇ ਲਿਖੇ ਗ੍ਰੰਥਾਂ ਦੀ ਗਿਣਤੀ ਤੀਹ-ਪੈਂਤੀ ਤਕ ਦਸੀ ਜਾਂਦੀ ਹੈ। ਜੋਤਿਸ਼, ਯੋਗ ਸ਼ਾਸਤਰ, ਰਾਜਨੀਤੀ ਧਰਮ ਸ਼ਾਸਤਰ, ਅਲੰਕਾਰ ਸ਼ਾਸਤਰ, ਨਾਟਕ, ਕਵਿਤਾ, ਵਿਆਕਰਨ, ਵੈਦਿਕ ਆਦਿਕ ਅਨੇਕ ਵਿਸ਼ਿਆਂ ਉਪਰ ਉਨ੍ਹਾਂ ਦੀਆਂ ਕੀਮਤੀ ਪੁਸਤਕਾਂ ਅਜ ਵੀ ਮੌਜੂਦ ਹਨ।

ਇਸ ਤੋਂ ਬਿਨਾਂ ਰਾਜਾ ਭੋਜ ਦੇ ਸਭਾ ਕਵੀ ਦਮੋਦਰ ਮਿਸ਼ਰ ਨੇ ਹਨੂਮਾਨ ਨਾਟਕ ਨਾਂ ਦਾ ਮਸ਼ਹੂਰ ਸੰਸਕ੍ਰਿਤ ਨਾਟਕ ਲਿਖਿਆ। ਇਸ ਨਾਟਕ ਬਾਰੇ ਕਿਹਾ ਜਾਂਦਾ ਹੈ ਕਿ ਇਹ ਹਨੂਮਾਨ ਜੀ ਦਾ ਬਣਾਇਆ ਹੋਇਆ ਹੈ। ਹਨੂਮਾਨ ਨੇ ਇਕ ਰਾਮਾਇਣ ਲਿਖ ਕੇ ਬਾਲਮੀਕ ਜੀ ਨੂੰ ਵਿਖਾਈ। ਬਾਲਮੀਕ ਦੇ ਦਿਲ ਵਿਚ ਹੋਛਾਪਨ ਪੈਦਾ ਹੋ ਗਿਆ ਕਿ ਜੇਕਰ ਇਸ ਰਾਮਾਇਣ ਦਾ ਪ੍ਰਚਾਰ ਹੋ ਗਿਆ ਤਾਂ ਮੇਰੀ ਰਾਮਾਇਣ ਨੂੰ ਕੌਣ ਪੁਛੇਗਾ। ਇਸ ਲਈ ਉਨ੍ਹਾਂ ਨੇ ਧੋਖੇ ਨਾਲ ਹਨੂਮਾਨ-ਰਚਿਤ ਰਾਮਾਇਣ ਦੇ ਸਾਰੇ ਸ਼ਿਲਾ-ਪਤਰਾਂ ਨੂੰ ਸਮੁੰਦਰ ਵਿਚ ਸੁਟਵਾ ਦਿਤਾ। ਜਿਨ੍ਹਾਂ ਉਪਰ ਉਸ ਰਾਮਾਇਣ ਦੀ ਖੁਦਾਈ ਹੋਈ ਸੀ। ਬਾਅਦ ਵਿਚ ਉਹ ਸ਼ਿਲਾ ਪਤਰ, ਸਮੁੰਦਰ ਦੇ ਕੰਢਿਓਂ ਰਾਜਾ ਭੋਜ ਨੂੰ ਮਿਲੇ, ਜਿਸਦਾ ਸੰਪਾਦਨ ਦਮੋਦਰ ਮਿਸ਼ਰ ਨੇ ਕੀਤਾ।

'ਸ਼ਿਸ਼ੂਪਾਲ-ਬਧ' ਨਾਂ ਦੇ ਪ੍ਰਸਿਧ ਮਹਾਂਕਾਵਿ ਦਾ ਲੇਖਕ ਮਹਾਂ ਕਵੀ ਮਾਘ ਵੀ ਰਾਜਾ ਭੋਜ ਦਾ ਹੀ ਦਰਬਾਰੀ ਕਵੀ ਕਹਿੰਦੇ ਹਨ। ਇਹੋ ਜਿਹੇ ਅਨੇਕਾਂ ਮਹਾਂ-ਵਿਦਵਾਨ ਅਤੇ ਕਵੀ ਉਸ ਦਰਬਾਰ ਨੂੰ ਸ਼ਸ਼ੋਭਿਤ ਕਰਦੇ ਸਨ।

ਸੰਸਾਰ ਤੋਂ ਇਕ ਦਿਨ ਸਭ ਨੇ ਜਾਣਾ ਹੈ। ਰਾਜਾ ਭੋਜ ਦਾ ਜਸ ਅਤੇ ਪ੍ਰਤਾਪ ਦੇਖ ਕੇ ਕਈ ਰਾਜੇ ਈਰਖਾ ਕਰਦੇ ਸਨ। ਕਹਿੰਦੇ

ਹਨ ਕਾਂਸ਼ੀ ਦੇ ਰਾਜੇ ਕਰਣ ਅਤੇ ਗੁਜਰਾਤ ਦੇ ਰਾਜੇ ਭੀਮ ਨੇ ਮਿਲ ਕੇ ਧਾਰਾ ਨਗਰ ਉਪਰ ਚੜ੍ਹਾਈ ਕਰ ਦਿਤੀ। ਕੁਦਰਤੀ ਉਸੀ ਸਮੇਂ ਰਾਜਾ ਭੋਜ ਦੀ ਮਿਰਤੂ ਹੋ ਗਈ। ਮਿਰਤੂ ਤੋਂ ਕੁਝ ਸਮਾ ਪਹਿਲਾਂ ਉਨ੍ਹਾਂ ਨੇ ਬਹੁਤ ਦਾਨ ਦਿਤਾ ਅਤੇ ਆਪਣੇ ਵਜ਼ੀਰਾਂ ਨੂੰ ਆਗਿਆ ਦਿਤੀ ਕਿ—ਅਰਥੀ ਨੂੰ ਚੁਕਣ ਵੇਲੇ ਉਨ੍ਹਾਂ ਦੇ ਹੱਥ ਅਰਥੀ ਤੋਂ ਬਾਹਰ ਰਖੇ ਜਾਣ, ਤਾਂ ਕਿ ਲੋਕ ਇਸ ਸਚਾਈ ਨੂੰ ਸਮਝ ਸਕਣ ਕਿ—

"ਇਸਤ੍ਰੀ, ਪੁੱਤਰ, ਜ਼ਰ-ਜ਼ਮੀਨ, ਬਾਗ਼-ਬਗੀਚੇ ਸਭ ਕੁਝ ਇਸੇ ਸੰਸਾਰ ਵਿਚ ਹੀ ਰਹਿ ਜਾਂਦੇ ਹਨ। ਮਨੁੱਖ ਇਸ ਸੰਸਾਰ ਵਿਚ ਇਕੱਲਾ ਆਉਂਦਾ ਹੈ ਅਤੇ ਅੰਤ ਵਿਚ ਹੱਥ ਝਾੜ ਕੇ ਇਕੱਲਾ ਹੀ ਚਲਾ ਜਾਂਦਾ ਹੈ।"

○

## ਭੋਜ ਨਾਲ ਸੰਬੰਧਤ ਇਕ ਲੋਕ-ਕਥਾ

ਇਕ ਸਮੇਂ ਦੀ ਗੱਲ ਹੈ ਕਿ ਰਾਜਾ ਭੋਜ ਅਤੇ ਮਾਘ ਪੰਡਤ ਸੈਰ ਕਰਨ ਗਏ। ਮੁੜਨ ਵੇਲੇ ਰਸਤਾ ਭੁੱਲ ਗਏ। ਰਾਜਾ ਕਹਿਣ ਲਗਾ—ਰਸਤਾ ਭੁਲ ਗਏ ਹਾਂ, ਕਿਸ ਪਾਸੋਂ ਪੁਛੀਏ। ਪੰਡਤ ਮਾਘ ਨੇ ਕਿਹਾ "ਨੇੜੇ ਹੀ ਇਕ ਬੁੱਢੀ ਮਾਈ ਕਣਕ ਦੇ ਖੇਤ ਦੀ ਰਖਵਾਲੀ ਕਰ ਰਹੀ ਹੈ, ਉਸ ਪਾਸੋਂ ਪੁੱਛੀਏ।"

ਰਾਜਾ ਭੋਜ ਨੇ ਕਿਹਾ, "ਹਾਂ, ਠੀਕ ਹੈ। ਚਲੋ!"

ਦੋਵੇਂ ਉਸ ਔਰਤ ਦੇ ਕੋਲ ਪਹੁੰਚੇ ਅਤੇ ਕਿਹਾ, "ਰਾਮ-ਰਾਮ!"

ਮਾਈ ਬੋਲੀ, "ਭਾਈ! ਆਓ ਰਾਮ-ਰਾਮ"।

ਤਦ ਦੋਵੇਂ ਬੋਲੇ, "ਇਹ ਰਸਤਾ ਕਿਧਰ ਜਾਵੇਗਾ?"

ਮਾਈ ਨੇ ਉਤਰ ਦਿਤਾ, "ਇਹ ਰਸਤਾ ਤਾਂ ਇਥੇ ਹੀ ਰਹੇਗਾ, ਇਸਦੇ ਉਪਰ ਤੁਰਨ ਵਾਲੇ ਹੀ ਜਾਣਗੇ। ਭਾਈ! ਤੁਸੀਂ ਕੌਣ ਹੋ!"

"ਭੈਣ! ਅਸੀਂ ਰਾਹੀ ਹਾਂ।"

ਮਾਈ ਬੋਲੀ, "ਰਾਹੀ ਤਾਂ ਦੋ ਹਨ — ਇਕ ਸੂਰਜ, ਦੂਸਰਾ

ਚੰਦਰਮਾ, ਤੁਸੀਂ ਕਿਹੜੇ ਰਾਹੀ ਹੋ ? ਭਾਈ, ਸਚ ਦਸੋ ਤੁਸੀਂ ਕੌਣ ਹੋ ?"

"ਭੈਣ, ਅਸੀਂ ਤਾਂ ਜਾਣ ਵਾਲੇ ਹਾਂ"

"ਜਾਣ ਵਾਲੇ ਤਾਂ ਦੋ ਹਨ। ਇਕ ਧਨ, ਦੂਸਰਾ ਜਵਾਨੀ! ਭਾਈ ਸਚ ਦਸੋ, ਤੁਸੀਂ ਕੌਣ ਹੋ ?"

ਭੋਜ ਬੋਲਿਆ, "ਅਸੀਂ ਤਾਂ ਰਾਜਾ ਹਾਂ।"

"ਰਾਜੇ ਤਾਂ ਦੋ ਹਨ। ਇਕ ਇੰਦਰ, ਦੂਸਰਾ ਯਮਰਾਜ। ਤੁਸੀਂ ਕਿਹੜੇ ਰਾਜਾ ਹੋ ?" ਮਾਈ ਬੋਲੀ।



"ਭੈਣ, ਅਸੀਂ ਤਾਂ ਸ਼ਕਤੀਵਾਨ ਹਾਂ।"

"ਸ਼ਕਤੀਵਾਨ ਤਾਂ ਦੋ ਹਨ। ਇਕ ਧਰਤੀ, ਦੂਸਰੀ ਔਰਤ, ਤੁਸੀਂ ਕੌਣ ਹੋ ?"

"ਅਸੀਂ ਤਾਂ ਸਾਧੂ ਹਾਂ।"

"ਸਾਧੂ ਤਾਂ ਦੋ ਹਨ। ਇਕ ਸ਼ਨੀ, ਦੂਸਰਾ ਸੰਤੋਖ। ਤੁਸੀਂ

ਕਿਹੜੇ ਸਾਧੂ ਹੋ ?"

"ਭੈਣ, ਅਸੀਂ ਤਾਂ ਪਰਦੇਸੀ ਹਾਂ।"

"ਪਰਦੇਸੀ ਤਾਂ ਦੋ ਹਨ। ਇਕ ਜੀਵ, ਦੂਸਰਾ ਦਰੱਖ਼ਤ ਦਾ ਪਾਣੀ। ਤੁਸੀਂ ਕੌਣ ਹੋ ?"

"ਅਸੀਂ ਤਾਂ ਗ਼ਰੀਬ ਹਾਂ।"

ਗ਼ਰੀਬ ਤਾਂ ਦੋ ਹਨ, ਇਕ ਬੱਕਰੀ ਦਾ ਬੱਚਾ (ਬੱਕਰਾ) ਦੂਸਰੀ ਲੱਕੜੀ।"

"ਭੈਣ ਅਸੀਂ ਤਾਂ ਚਤਰ ਹਾਂ।"

"ਚਤਰ ਤਾਂ ਦੋ ਹਨ। ਇਕ ਅੰਨ ਅਤੇ ਦੂਸਰਾ ਪਾਣੀ। ਤੁਸੀਂ ਕੌਣ ਹੋ ? ਭਾਈ ਸਚ-ਸਚ ਦਸੋ।"

ਰਾਜਾ ਭੋਜ ਅਤੇ ਮਾਘ ਪੰਡਤ ਨੇ ਹਾਰ ਕੇ ਕਿਹਾ-

"ਅਸੀਂ ਤਾਂ ਹਾਰੇ ਹੋਏ ਹਾਂ।"

ਮਾਈ ਬੋਲੀ, "ਹਾਰੇ ਹੋਏ ਤਾਂ ਦੋ ਹਨ। ਇਕ ਕਰਜ਼ਦਾਰ, ਦੂਸਰਾ ਧੀ ਦਾ ਬਾਪ। ਤੁਸੀਂ ਕੌਣ ਹੋ ?"

ਦੋਵੇਂ ਬੋਲੇ, "ਅਸੀਂ ਤਾਂ ਕੁਝ ਵੀ ਨਹੀਂ ਜਾਣਦੇ। ਜਾਣਕਾਰ ਤਾਂ ਤੂੰ ਹੀ ਹੈਂ।"

ਤਦ ਬੁੱਢੀ ਮਾਈ ਬੋਲੀ, "ਤੂੰ ਰਾਜਾ ਭੋਜ ਹੈਂ ਅਤੇ ਇਹ ਮਾਘ ਪੰਡਤ ਹੈ। ਜਾਓ, ਇਹੋ ਉਜੈਨ ਦਾ ਰਸਤਾ ਹੈ।"

○

## ਬਿਕਰਮਾਦਿਤ ਦਾ ਸਿੰਘਾਸਨ

ਭੋਜ ਦੀ ਪੁਰਾਣੀ ਰਾਜਧਾਨੀ ਉਜੈਨ ਦੇ ਪਾਸ ਇਕ ਪਿੰਡ ਵਿਚ ਇਕ ਕਿਸਾਨ ਰਹਿੰਦਾ ਸੀ। ਉਸ ਨੇ ਆਪਣੇ ਖੇਤ ਦੀ ਰਾਤ ਨੂੰ ਰਖਵਾਲੀ ਕਰਨ ਲਈ ਇਕ ਮਚਾਨ ਬੰਨ੍ਹਿਆ।

ਪਹਿਲਾ ਹੀ ਦਿਨ ਸੀ, ਉਹ ਮਚਾਨ ਉਪਰ ਚੜ੍ਹਿਆ ਹੀ ਸੀ ਕਿ ਪਤਾ ਨਹੀਂ ਉਸ ਨੂੰ ਕੀ ਹੋ ਗਿਆ। ਉੱਚੀ-ਉੱਚੀ ਬੋਲਣ

ਲਗਾ – "ਜਲਦੀ ਕਰੋ, ਮੇਰੇ ਦੀਵਾਨ ਅਤੇ ਸਿਪਾਹੀਆਂ ਨੂੰ ਬੁਲਾਓ ? ਇਥੇ ਇਕ ਵਡਾ ਕਿਲ੍ਹਾ ਬਣਵਾ ਕੇ ਲੜਾਈ ਦਾ ਸਾਰਾ ਸਮਾਨ ਇਕੱਠਾ ਕਰੋ। ਕਿਉਂਕਿ ਰਾਜਾ ਭੋਜ ਨਾਲ ਲੜਾਈ ਕਰ ਕੇ ਉਸ ਨੂੰ ਮਾਰਨਾ ਹੈ, ਉਸ ਨੇ ਮੇਰਾ ਰਾਜ ਹੜੱਪ ਕਰ ਲਿਆ ਹੈ ?"

ਸੰਜੋਗ ਨਾਲ ਉਸ ਸਮੇਂ ਰਾਜਾ ਭੋਜ ਦੇ ਚਾਰ ਸਿਪਾਹੀ ਉਸ ਰਸਤਿਉਂ ਲੰਘ ਰਹੇ ਸਨ। ਉਹ ਖੜੇ ਹੋ ਕੇ ਸੁਣਨ ਲਗੇ ਕਿ ਕੀ ਗੱਲ ਹੈ ? ਉਨ੍ਹਾਂ ਨੇ ਸੋਚਿਆ ਕਿ ਇਸ ਕਿਸਾਨ ਨੂੰ ਫੜ ਕੇ ਰਾਜੇ ਕੋਲ ਲੈ ਚਲੀਏ। ਪਰ ਉਨ੍ਹਾਂ ਵਿਚੋਂ ਇਕ ਨੇ ਕਿਹਾ – "ਇਸ ਵਕਤ ਤਾਂ ਸਾਨੂੰ ਉਹੋ ਕੰਮ ਕਰਨਾ ਚਾਹੀਦਾ ਹੈ, ਜਿਸ ਲਈ ਅਸੀਂ ਆਏ ਹਾਂ, ਇਸ ਨਾਲ ਫੇਰ ਨਜਿਠਾਂਗੇ।"

ਉਹ ਆਪਣੇ ਕੰਮ ਤੋਂ ਵੇਹਲੇ ਹੋ ਕੇ ਰਾਜਾ ਭੋਜ ਕੋਲ ਗਏ। ਉਨ੍ਹਾਂ ਨੇ ਰਾਜੇ ਨੂੰ ਕਿਸਾਨ ਦੀ ਗੱਲ ਸੁਣਾਈ। ਇਹ ਸੁਣ ਕੇ ਰਾਜਾ ਭੋਜ ਉਨ੍ਹਾਂ ਸਿਪਾਹੀਆਂ ਨਾਲ ਮਚਾਨ ਕੋਲ ਪਹੁੰਚੇ। ਉਸ ਸਮੇਂ ਵੀ ਉਹ ਕਿਸਾਨ ਉਸੀ ਤਰ੍ਹਾਂ ਬੋਲ ਰਿਹਾ ਸੀ।


"ਰਾਜਾ ਭੋਜ ਨੂੰ ਪਕੜ ਕੇ ਮੇਰੇ ਸਾਹਮਣੇ ਲਿਆਓ। ਮੈਂ ਉਸ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣੀ ਚਾਹੁੰਦਾ ਹਾਂ।"

ਰਾਜਾ ਭੋਜ ਕਿਸਾਨ ਦੀ ਗਲ ਸੁਣ ਕੇ ਅੰਦਰੋਂ-ਅੰਦਰ ਘਬਰਾਇਆ ਅਤੇ ਵਾਪਸ ਮਹੱਲ ਵਿਚ ਆ ਗਿਆ।

ਦੂਸਰੇ ਦਿਨ ਜੋਤਸ਼ੀਆਂ ਨੂੰ ਬੁਲਾ ਕੇ ਸਾਰਾ ਹਾਲ ਸੁਣਾਇਆ। ਜੋਤਸ਼ੀਆਂ ਨੇ ਜੋਤਸ਼ ਲਾ ਕੇ ਦਸਿਆ ਕਿ ਉਸ ਜਗ੍ਹਾ ਲਛਮੀ ਦਾ ਨਿਵਾਸ ਹੈ, ਉਹ ਜਗ੍ਹਾ ਖੋਦੀ ਜਾਵੇ ਤਾਂ ਬਹੁਤ ਸਾਰੀ ਦੌਲਤ ਮਿਲ ਸਕਦੀ ਹੈ।

ਫੇਰ ਕੀ ਸੀ। ਰਾਜਾ ਭੋਜ ਨੇ ਉਸ ਜਗ੍ਹਾ ਨੂੰ ਖੋਦਣ ਲਈ ਸੈਂਕੜੇ ਮਜ਼ਦੂਰ ਲਾ ਦਿਤੇ।

ਉਨ੍ਹਾਂ ਅਜੇ ਥੋੜਾ ਹੀ ਖੋਦਿਆ ਸੀ ਕਿ ਕੁਦਾਲਾਂ ਨਾਲ ਕੋਈ ਸਖ਼ਤ ਚੀਜ਼ ਦੇ ਟਕਰਾਉਣ ਦੀ ਆਵਾਜ਼ ਆਈ। ਹੁਣ ਉਹ



ਧਿਆਨ ਨਾਲ ਖੋਦਣ ਲਗੇ। ਥੋੜਾ ਹੋਰ ਪੁਟਣ ਤੇ ਇਕ ਸਿੰਘਾਸਣ ਨਿਕਲ ਆਇਆ। ਰਾਜਾ ਭੋਜ ਉਸ ਸਿੰਘਾਸਣ ਨੂੰ ਦੇਖ ਕੇ ਬਹੁਤ ਖ਼ੁਸ਼ ਹੋਏ। ਉਸ ਦੇ ਚਾਰੇ ਪਾਵਿਆਂ ਨਾਲ ਅੱਠ-ਅੱਠ ਪੁਤਲੀਆਂ ਬਣੀਆਂ ਹੋਈਆਂ ਸਨ ਅਤੇ ਹਰ ਪੁਤਲੀ ਦੇ ਹੱਥ ਵਿਚ ਇਕ-ਇਕ ਕਮਲ ਦਾ ਫੁੱਲ ਸੀ। ਉਸ ਸਿੰਘਾਸਣ ਨੂੰ ਚੰਗੀ ਤਰ੍ਹਾਂ ਸਾਫ਼ ਕਰਾਇਆ ਗਿਆ ਤਾਂ ਉਹ ਹੋਰ ਵੀ ਵਧੇਰੇ ਚਮਕਣ ਲਗਾ।

ਸਭ ਕਹਿਣ ਲਗੇ, "ਮਹਾਰਾਜ, ਇਹ ਸਿੰਘਾਸਣ ਤਾਂ ਤੁਹਾਡੇ ਬੈਠਣ ਯੋਗ ਹੈ।" ਇਹ ਗੱਲ ਰਾਜੇ ਦੇ ਮਨ ਵਿਚ ਪਹਿਲਾਂ ਹੀ ਆ ਚੁਕੀ ਸੀ। ਜੋਤਸ਼ੀਆਂ ਨੇ ਲਗਨ-ਨਛੱਤਰ ਦੇਖ ਕੇ ਸਿੰਘਾਸਣ ਤੇ ਬੈਠਣ ਦਾ ਦਿਨ ਨਿਸਚਿਤ ਕੀਤਾ। ਉਸ ਦਿਨ ਸਾਰੇ ਨਗਰ ਵਿਚ ਧੂਮ-ਧਾਮ ਸੀ। ਚਾਰੇ ਪਾਸੇ ਵਾਜੇ ਵਜ ਰਹੇ ਸਨ ਤੇ ਰਾਜਾ ਭੋਜ ਦੀ ਜੈ-ਜੈ ਕਾਰ ਹੋ ਰਹੀ ਸੀ।

ਸਿੰਘਾਸਣ ਉਪਰ ਬੈਠਣ ਦਾ ਮਹੂਰਤ ਆਇਆ। ਪਰੋਹਤ-ਮਹਾਰਾਜ ਮੰਤਰ ਪੜ੍ਹ ਰਹੇ ਸਨ। ਰਾਜੇ ਭੋਜ ਨੇ ਆਪਣਾ ਸੱਜਾ

ਪੈਰ ਜਿਉਂ ਹੀ ਸਿੰਘਾਸਣ ਵਲ ਵਧਾਇਆ ਤਿਉਂ ਹੀ ਬੱਤੀ ਦੀਆਂ ਬੱਤੀ ਪੁਤਲੀਆਂ ਖਿੜ-ਖਿੜਾ ਕੇ ਹੱਸ ਪਈਆਂ। ਉਨ੍ਹਾਂ ਨੂੰ ਇੰਜ ਹੱਸਦਿਆਂ ਦੇਖ ਕੇ ਭੋਜ ਦਾ ਮੂੰਹ ਉਤਰ ਗਿਆ ਅਤੇ ਉਹ ਠਠੰਬਰ ਕੇ ਖੜਾ ਹੋ ਗਿਆ।

ਰਾਜੇ ਨੂੰ ਇਸ ਤਰ੍ਹਾਂ ਖੜਾ ਦੇਖ ਇਕ ਪੁਤਲੀ ਬੋਲੀ– "ਹੇ ਰਾਜਾ ਭੋਜ, ਪਹਿਲਾਂ ਜੋ ਮੈਂ ਕਹਿੰਦੀ ਹਾਂ ਉਸ ਨੂੰ ਸੁਣ, ਫੇਰ ਸਿੰਘਾਸਣ ਉਪਰ ਬੈਠਣਾ। ਇਹ ਸਿੰਘਾਸਣ ਮਹਾਰਾਜਾ ਬਿਕਰਮਾਦਿਤ ਦਾ ਹੈ। ਇਸ ਉਪਰ ਉਹ ਹੀ ਬੈਠ ਸਕਦਾ ਹੈ ਜਿਹੜਾ ਬਿਕਰਮਾਦਿਤ ਦੇ ਬਰਾਬਰ ਪਰਾਕਰਮੀ ਅਤੇ ਨਿਆਈਂ ਹੋਵੇ।"

ਉਸ ਨੇ ਬਹਾਦਰ ਬਿਕਰਮਾਦਿਤ ਦੇ ਸਬੰਧ ਵਿਚ ਇਕ ਕਹਾਣੀ ਸੁਣਾਈ, ਅਤੇ ਫਿਰ ਕਿਹਾ ਕਿ "ਹੇ ਰਾਜਾ ਭੋਜ, ਇਹ ਸਿੰਘਾਸਣ ਉਸੇ ਲਈ ਹੈ ਜਿਹੜਾ ਬਿਕਰਮਾਦਿਤ ਜਿੰਨਾ ਪ੍ਰਤਾਪੀ ਹੋਵੇ, ਅਜੇ ਤੁਹਾਡਾ ਪ੍ਰਤਾਪ ਉਨਾਂ ਨਹੀਂ ਹੈ, ਇਸ ਲਈ ਆਪ ਸਿੰਘਾਸਣ ਉਪਰ ਬੈਠਣ ਦਾ ਹਠ ਨਾ ਕਰੋ। ਪੁਤਲੀ ਦੀ ਗੱਲ ਸੁਣ ਕੇ ਰਾਜਾ ਭੋਜ ਵਾਪਸ ਮਹੱਲ ਵਿਚ ਆ ਗਿਆ। ਫੇਰ ਜਦੋਂ ਦੂਸਰੇ ਦਿਨ ਬੈਠਣ ਲਗਾ ਤਾਂ ਦੂਸਰੀ ਪੁਤਲੀ ਬੋਲ ਉਠੀ। ਤੀਸਰੇ ਦਿਨ ਤੀਸਰੀ ਚੌਥੇ ਦਿਨ ਚੌਥੀ ਤੇ ਪੰਜਵੇਂ, ਪੰਜਵੀਂ। ਪੂਰੇ ਬੱਤੀ ਦਿਨ ਇਸੇ ਤਰ੍ਹਾਂ ਹੁੰਦਾ ਰਿਹਾ। ਬੱਤੀਵੀਂ ਪੁਤਲੀ ਕਹਾਣੀ ਸੁਣਾ ਕੇ ਰਾਜਾ ਬਿਕਰਮਾਦਿਤ ਨੂੰ ਯਾਦ ਕਰ-ਕਰ ਕੇ ਰੋਣ ਲਗੀ। ਤਦ ਬੱਤੀ ਪੁਤਲੀਆਂ ਆਪਣੇ ਖੰਭ ਫੈਲਾ ਕੇ, ਰਾਜਾ ਬਿਕਰਮਾਦਿਤ ਦੀ ਜੈ-ਜੈ ਕਾਰ ਕਰਦੀਆਂ ਸਿੰਘਾਸਣ ਸਮੇਤ ਸਵਰਗ ਵਲ ਉਡ ਪਈਆਂ।

---

ਬੱਤੀ ਪੁਤਲੀਆਂ ਰਾਹੀਂ ਸੁਣਾਈਆਂ ਗਈਆਂ ਬੱਤੀ ਕਹਾਣੀਆਂ "ਸਿੰਘਾਸਣ ਬੱਤੀਸੀ" ਨਾਂ ਦੀ ਪੁਸਤਕ ਵਿਚ ਲਿਖੀਆਂ ਹੋਈਆਂ ਹਨ।